ਜੂਨ/ June 2023
ਸਾਲ/ Year 08
ਅੰਕ/ Edition 03
ਕੁੱਲ ਸਫੇ/ Total Page 16

Anual Subcription: 500/-

Regd Office:
1195, Ajit Nagar Moga
Pin: 142 001 (Punjab) INDIA

Estd. 2000

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ

# ਮਹਿਕ ਵਤਨ ਦੀ

## 'Mehak Watan Di Live' ● ਲਾਈਵ

ਮੁੱਖ ਸੰਪਾਦਕ: ਭਵਨਦੀਪ ਸਿੰਘ ਪੁਰਬਾ * ਉੱਪ ਮੁੱਖ ਸੰਪਾਦਕ (ਆਨਰੇਰੀ): ਭਾਗਵੰਤੀ ਪੁਰਬਾ

Regd No. PUNPN 04016 * Helpline: 9988-92-9988 E-mail: mehakwattandi@rediffmail.com www.mehakwatandilive.com

facebook
www.facebook/mehakwatandilive
ਮਹਿਕ ਵਤਨ ਦੀ ਲਾਈਵ ਦੀਆਂ ਖ਼ਬਰਾਂ ਅਤੇ ਲੇਖਾਂ ਬਾਰੇ ਆਪਣੇ ਵਿਚਾਰ ਸਾਂਝੇ ਕਰਨ ਲਈ ਸਾਡੇ ਫੇਸਬੁੱਕ ਪੇਜ ਉਤੇ ਵੀ ਲਾਗਇਨ ਕਰ ਸਕਦੇ ਹੋ।

ਦੇਸ਼, ਵਿਦੇਸ਼ ਅਤੇ ਪੰਜਾਬ ਦੀਆਂ ਤਾਜ਼ੀਆਂ ਖ਼ਬਰਾਂ ਆਨਲਾਈਨ ਪੜ੍ਹਨ ਲਈ ਕਲਿੱਕ ਕਰੋ
www.mehakwatandilive.com

### ਅੰਦਰ ਪੜ੍ਹੋ

* ਆਓ ਆਪਣੀ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰੀਏ!
* ਅਮਿੱਟ ਛਾਪ ਛੱਡ ਗਈ 'ਬਾਜ਼ੀ' ਪਿੰਡ ਬਹੋਨੇ ਦੀ...!
* ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਸ਼ਹਿਰੀ ਯੂਨਿਟ ਮੋਗਾ ਵੱਲੋਂ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ ਨਾਲ ਖਾਸ ਮੀਟਿੰਗ!

ਖ਼ਬਰਾਂ ਅਤੇ ਰਚਨਾਵਾਂ ਭੇਜਣ ਵਾਸਤੇ ਈ-ਮੇਲ
chief_editor@mehakwatandilive.com
mehakwattandi@rediffmail.com




## ਵਿਸ਼ਵ ਖ਼ੂਨਦਾਤਾ ਦਿਵਸ ਮੌਕੇ ਰੂਰਲ ਐੱਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਸਿਟੀ ਯੂਨਿਟ ਮੋਗਾ ਵੱਲੋਂ ਲਗਾਇਆ ਵਿਸ਼ਾਲ ਖ਼ੂਨਦਾਨ ਕੈਂਪ ਬਣ ਗਿਆ ਖ਼ੂਨਦਾਨੀਆਂ ਦਾ ਮੇਲਾ



## ਮੌੜ ਫਿਲਮ ਦੀ ਪ੍ਰਮੋਸ਼ਨ ਲਈ ਅਦਾਕਾਰ ਮਨਿੰਦਰ ਮੋਗਾ ਹੋਏ 'ਸਰਬੱਤ ਦਾ ਭਲਾ ਟਰੱਸਟ' ਦੇ ਵਿਦਿਆਰਥੀਆ ਦੇ ਰੂ-ਬਰੂ

'ਮੌੜ' ਫਿਲਮ ਦੇਖਕੇ ਵਿਦਿਆਰਥੀ ਪੰਜਾਬ ਦੇ ਨਾਈਕ ਜਿਉਣਾ ਮੌੜ ਦੀ ਜੀਵਨੀ ਬਾਰੇ ਸਹੀ ਜਾਣਕਾਰੀ ਹਾਸਿਲ ਕਰਨਗੇ -ਭਵਨਦੀਪ

## ਇਸ ਸਪਲੀਮੈਂਟ ਵਿਚ ਸਹਿਯੋਗ ਦੇਣ ਵਾਲੇ ਸੰਤਾਂ-ਮਹਾਂਪੁਰਸ਼ਾਂ ਦਾ ਹਾਰਦਿਕ ਧੰਨਵਾਦ।

ਵੱਲੋਂ - ਭਵਨਦੀਪ ਸਿੰਘ ਪੁਰਬਾ (ਮੁੱਖ ਸੰਪਾਦਕ 'ਮਹਿਕ ਵਤਨ ਦੀ ਲਾਈਵ') ਸੰਪਰਕ : 9988 92 9988

# ਬਾਬਾ ਰੇਸ਼ਮ ਸਿੰਘ ਜੀ ਖੁਖਰਾਣੇ ਵਾਲੇ



ਸੀਨੀ. ਮੀਤ ਪ੍ਰਧਾਨ:
ਗੁਰ ਸ਼ਬਦ ਪ੍ਰਚਾਰ ਸੰਤ ਸਮਾਜ

ਮੈਂਬਰ:
ਖਾਲਸਾ ਐਕਸ਼ਨ ਕਮੇਟੀ

ਸੂਪਰਸਤ
ਦੁੱਖ ਭੰਜਨ ਸੇਵਾ ਸੁਸਾਇਟੀ

ਮੁੱਖ ਸੇਵਾਦਾਰ :

**ਗੁ. ਸਾਹਿਬ ਦੁੱਖ ਭੰਜਨਸਰ**


ਮੋ. 98153-11318

ਜਾਰੀ ਕਰਤਾ: ਬਲਜਿੰਦਰ ਸਿੰਘ 'ਗੋਰਾ' (ਜੁਆਇੰਟ ਸੈਕਟਰੀ: ਆਪ ਜਿਲ੍ਹਾ ਮੋਗਾ) ਅਤੇ ਭਾਈ ਹਰਪ੍ਰੀਤ ਸਿੰਘ ਖੁਖਰਾਣਾ

# ਗੁਰਦੁਆਰਾ ਸੰਤ ਬਾਬਾ ਹੀਰਾ ਸਿੰਘ ਜੀ

ਤਪ ਅਸਥਾਨ ਬਾਬਾ ਹੀਰਾ ਸਿੰਘ ਜੀ ਪਿੰਡ ਖੁਖਰਾਣਾ (ਜ਼ਿਲ੍ਹਾ ਮੋਗਾ) ਪੰਜਾਬ

ਇਸ ਪਵਿੱਤਰ ਅਸਥਾਨ ਤੇ ਸੰਗਰਾਂਦ ਦਾ ਦਿਹਾੜਾ ਮਨਾਇਆ ਜਾਂਦਾ ਹੈ।



ਸੱਚਖੰਡ ਵਾਸੀ ਧੰਨ-ਧੰਨ ਸੰਤ ਬਾਬਾ ਹੀਰਾ ਸਿੰਘ ਜੀ ਮਹਾਰਾਜ ਦੀ ਸਾਲਾਨਾ ਬਰਸੀ ਹਰ ਸਾਲ 17 ਮੱਘਰ ਨੂੰ ਮਨਾਈ ਜਾਂਦੀ ਹੈ ਅਤੇ ਉਨ੍ਹਾਂ ਦੇ ਸਥਾਨ ਦੇ ਸੇਵਕ ਬਾਬਾ ਹਾਕਮ ਸਿੰਘ ਜੀ ਦੀ ਬਰਸ਼ੀ ਦੇ ਭੋਗ ਹਰ ਸਾਲ ਦੀਵਾਲੀ ਵਾਲੇ ਦਿਨ ਪਾਏ ਜਾਦੇ ਹਨ।



ਸਮੂੰਹ ਸੰਗਤ ਨੂੰ ਇਨ੍ਹਾਂ ਸਮਾਗਮਾਂ ਵਿੱਚ ਹਾਜਰ ਹੋਣ ਦਾ ਸੱਦਾ ਦਿੱਤਾ ਜਾਂਦਾ ਹੈ।

ਬੇਨਤੀ ਕਰਤਾ : ਸੇਵਾਦਾਰ
ਬਾਬਾ ਜਸਵਿੰਦਰ ਸਿੰਘ ਜੀ ਬੱਧਣੀ ਖੁਰਦ ਵਾਲੇ
ਸੰਪਰਕ : 62800-15996
ਸੰਤ ਬਾਬਾ ਹੀਰਾ ਸਿੰਘ ਜੀ ਪ੍ਰਬੰਧਕੀ ਕਮੇਟੀ, ਖੁਖਰਾਣਾ

# ਵਧੀਆਂ ਕੁਆਲਟੀ ਵਿੱਚ ਫਲੈਕਸਾ ਬਣਵਾਉਣ

## ਜੰਤਰੀਆਂ, ਕੈਲੰਡਰ, ਡਾਇਰੀਆਂ ਮੈਗਜੀਨ ਪੁਸਤਕਾਂ ਛਪਵਾਉਣ

ਅਤੇ ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

## ਮਹਿਕ ਵਤਨ ਦੀ ਐਡਵੋਟਾਈਜਮੈਂਟ ਕੰਪਨੀ (ਰਜਿ:)

**Help Line: 9988-92-9988**
E-mail: mehakwattandi@rediffmail.com
www.mehakwatandilive.com

## ਸੰਪਾਦਕ ਦੀ ਕਲਮ 'ਚੋਂ ...

ਮੁੱਖ ਸੰਪਾਦਕ - ਭਵਨਦੀਪ ਸਿੰਘ ਪੁਰਬਾ

# ਆਓ ਆਪਣੀ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰੀਏ!

ਹੁਣ ਸਿਰਫ ਮਾਤਰ ਭਾਸ਼ਾ ਦਿਵਸ ਤੇ ਹੀ ਨਹੀਂ ਬਲਕਿ ਕਈ ਸੰਸਥਾਵਾਂ ਵੱਲੋਂ ਹਮੇਸ਼ਾ ਹੀ ਪੰਜਾਬੀ ਭਾਸ਼ਾ ਨੂੰ ਪ੍ਰਫੁਲਤ ਕਰਨ ਲਈ ਉਪਰਾਲੇ ਕੀਤੇ ਜਾਂਦੇ ਹਨ ਪਰ ਫਿਰ ਵੀ ਸਾਡੀ ਪੰਜਾਬੀ ਭਾਸ਼ਾ ਨੂੰ ਉਨ੍ਹਾਂ ਮਾਣ ਸਨਮਾਨ ਕਿਉਂ ਨਹੀਂ ਮਿਲ ਰਿਹਾਂ ?

ਸਾਇਦ ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਵਿੱਚ ਅਸਲ ਘੱਟ ਤੇ ਵਿਖਾਵਾ ਜਿਆਦਾ ਹੁੰਦਾ ਹੈ। ਉੱਚੀ-ਉੱਚੀ ਨਾਅਰੇ ਲਾ ਕੇ ਪੰਜਾਬੀ ਦੀ ਜੈ-ਜੈ ਕਾਰ ਕਰਨ ਵਾਲੇ, ਹੱਥਾਂ ਵਿੱਚ ਤਖਤੀਆ ਫੜ ਕੇ ਪੰਜਾਬੀ ਲਾਗੂ ਕਰਨ ਦੀਆਂ ਕੂਕਾ ਮਾਰਦੇ ਕਈ ਪਤਵੰਤੇ ਰੁਟੀਨ ਵਿੱਚ ਆਪਣੇ ਸਾਈਨ ਅੰਗਰੇਜੀ ਵਿੱਚ ਕਰਦੇ ਹਨ। ਕਈ ਅਜਿਹੇ ਵਿਅਕਤੀ ਜਿਨ੍ਹਾਂ ਦਾ ਪੰਜਾਬੀ ਭਾਸ਼ਾ ਅਤੇ ਪੰਜਾਬੀ ਵਿਰਸੇ ਦੀ ਪ੍ਰਫੁਲਤਾ ਵਿੱਚ ਇੱਕ ਤੋਲਾ ਵੀ ਯੋਗਦਾਨ ਨਹੀਂ ਹੁੰਦਾਂ ਉਨ੍ਹਾਂ ਦਾ ਆਪਣੇ ਵੱਲੋਂ ਬਣਾਈਆਂ ਸੰਸਥਾਵਾ ਵੱਲੋਂ ਆਪ ਹੀ ਵਿਸ਼ੇਸ਼ ਤੌਰ ਤੇ ਸਨਮਾਨ ਕਰ ਦਿੱਤਾ ਜਾਦਾ ਹੈ। ਸਭ ਵਿਖਾਵਾ ਹੈ, ਸਭ ਡਰਾਮਾ ਹੈ।

ਆਪਣੀ ਮਾਤਰ ਭਾਸ਼ਾ ਤੋਂ ਇਲਾਵਾ ਹੋਰ ਭਾਸ਼ਾਵਾਂ ਸਿੱਖਣਾ ਗਲਤ ਗੱਲ ਨਹੀਂ ਹੈ ਪਰ ਹੋਰ ਭਾਸ਼ਾਵਾ ਨੂੰ ਸਿੱਖ ਕੇ ਆਪਣੀ ਮਾਤਰ ਭਾਸ਼ਾ ਨੂੰ ਅੱਖੋ ਪਰੋਖੋ ਕਰਨਾ ਆਪਣੀ ਮਾਂ ਨੂੰ ਵਿਸਾਰਨ ਵਾਂਗ ਹੈ। ਹੋਰ ਭਾਸ਼ਾਵਾ ਰਾਹੀਂ ਅਸੀਂ ਗੱਲ-ਬਾਤ ਤਾਂ ਚਾਹੇ ਕਰ ਲਈਏ ਪਰ ਕਿਸੇ ਦੇ ਦਿਲ ਤੇ ਛਾਪ ਨਹੀਂ ਛੱਡ ਸਕਦੇ। ਖੁੱਲ੍ਹ ਕੇ ਗੱਲ ਕਰਨ ਅਤੇ ਆਪਣੀਆਂ ਭਾਵਨਾਵਾਂ (ਫੀਲਿੰਗ) ਹਮੇਸ਼ਾ ਆਪਣੀ ਮਾਤਰ ਭਾਸ਼ਾ ਰਾਹੀਂ ਹੀ ਦਰਸਾਈਆ ਜਾ ਸਕਦੀਆਂ ਹਨ। ਅਸੀਂ ਆਪਣੇ ਦਿਲ ਦੀ ਆਵਾਜ ਚੰਗੀ ਤਰ੍ਹਾਂ ਸਿਰਫ ਅਪਣੀ ਮਾਤਰ ਭਾਸ਼ਾ ਰਾਹੀਂ ਹੀ ਬਿਆਨ ਕਰ ਸਕਦੇ ਹਾਂ। ਕਿਸੇ ਨੇ ਕਿਹਾ ਹੈ ਕਿ ਮਨੁੱਖ ਚਾਹੇ ਜਿੰਨੀਆਂ ਮਰਜੀ ਭਾਸ਼ਾਵਾ ਸਿੱਖ ਲਵੇ ਪਰ ਉਹ ਗਾਲ ਹਮੇਸ਼ਾ ਆਪਣੀ ਮਾਤਰ ਭਾਸ਼ਾ ਵਿੱਚ ਹੀ ਕੱਢੇਗਾ।

ਆਪਣੀ ਮਾਤਰ ਭਾਸ਼ਾ ਨੂੰ ਪ੍ਰਫੁਲਤ ਕਰਨਾ ਸਾਡਾ ਫਰਜ ਵੀ ਹੈ। ਸੋ ਆਓ ਆਪਣੀ ਮਾਤਰ ਭਾਸ਼ਾ ਪੰਜਾਬੀ ਨੂੰ ਪ੍ਰਫੁਲਤ ਕਰਨ ਲਈ ਕੁਝ ਉਪਰਾਲੇ ਕਰੀਏ। ਇਸ ਦੀ ਸ਼ੁਰੂਆਤ ਸਾਨੂੰ ਆਪ ਨੂੰ ਹੀ ਕਰਨੀ ਪੈਣੀ ਹੈ। ਪੰਜਾਬੀ ਭਾਸ਼ਾ ਦੀ ਪ੍ਰਫੁਲਤ ਲਈ ਸਭ ਤੋਂ ਪਹਿਲਾ ਇਹ ਜਰੂਰੀ ਹੈ ਕਿ ਜਿਥੇ ਵੀ ਹੋ ਸਕੇ ਅਸੀਂ ਪੰਜਾਬੀ ਹੀ ਲਿਖੀਏ ਤੇ ਬੋਲੀਏ। ਪੰਜਾਬ ਵਿੱਚ ਕੁੱਝ ਸਮੇਂ ਬਾਅਦ ਹੀ ਕੋਈ ਨਾ ਕੋਈ ਤਿਉਹਾਰਾਂ ਆਇਆ ਰਹਿੰਦਾ ਹੈ ਆਪਣੇ ਸਕੇ-ਸਬੰਧੀਆਂ, ਭੈਣ-ਭਰਾਵਾਂ ਅਤੇ ਦੋਸਤਾਂ ਮਿੱਤਰਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਪੰਜਾਬੀ ਵਿੱਚ ਲਿਖ ਕੇ ਭੇਜੀਆ ਜਾਣ। ਜੇਕਰ ਅੰਗਰੇਜੀ ਜਾਂ ਕਿਸੇ ਹੋਰ ਭਾਸ਼ਾ ਵਿੱਚ ਵਧਾਈ, ਸ਼ੁਭਕਾਮਨਾਵਾਂ ਅਤੇ ਹੋਰ ਵਧੀਆਂ ਸਮੱਗਰੀ ਮਿਲਦੀ ਹੈ ਤੇ ਉਸ ਦੇ ਨਾਲ ਪੰਜਾਬੀ ਦੇ ਚਾਰ ਸ਼ਬਦ ਜਰੂਰ ਪਾ ਦੇਈਏ ਤਾਂ ਪੰਜਾਬੀ ਭਾਸ਼ਾ ਦੀ ਪ੍ਰਫੁਲਤਾ ਵਿੱਚ ਬਹੁੱਤ ਵੱਡਾ ਹਿੱਸਾ ਪੈ ਸਕਦਾ ਹੈ।।

ਰੋਜਾਨਾ ਭੇਜੇ ਜਾਣ ਵਾਲੇ ਗੁੱਡ ਮਾਰਨਿੰਗ, ਗੁੱਡ ਨਾਈਟ ਆਦਿ ਦੇ ਪਿਕਚਰ ਮੈਸਿਜ ਤੇ ਨਾਲ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਜੋ ਵੀ ਸ਼ਬਦ ਢੁਕਵਾਂ ਲੱਗੇ ਉਹ ਪਾ ਦੇਈਏ। ਇਸ ਦੀ ਸ਼ੁਰੂਆਤ ਲਈ ਅਸੀਂ 'ਮਹਿਕ ਵਤਨ ਦੀ ਲਾਈਵ' ਬਿਓਰੋ ਵੱਲੋਂ ਗੁੱਡ ਮਾਰਨਿੰਗ ਦੇ ਪੂਰੇ ਸਾਲ ਦੇ ਮੈਸਿਜ ਪੰਜਾਬੀ ਵਿੱਚ ਸ਼ੁੱਭ ਸਵੇਰਾ, ਸੁਭਾ ਦੀ ਸਤਿ ਸ੍ਰੀ ਅਕਾਲ ਆਦਿ ਲਿਖ ਕੇ ਉਸ ਦੇ ਨਾਲ ਪੰਜਾਬੀ ਵਿਰਸੇ ਦੀ ਫੋਟੋ ਲਗਾ ਕੇ ਸਾਰੇ ਸਾਲ ਦੀਆਂ ਤਾਰੀਖਾਂ ਦੇ ਪੰਜਾਬੀ ਵਿੱਚ ਬਣਾਈਆ ਹਨ। ਅੰਗਰੇਜੀ ਵਿੱਚ ਵੀ ਗੁੱਡ ਮਾਰਨਿੰਗ ਲਿਖਿਆ ਹੈ ਤਾਂ ਜੋ ਘੱਟ ਪੰਜਾਬੀ ਪੜੇ ਸਾਡੇ ਵਿਦੇਸ਼ਾ ਦੇ ਬੱਚਿਆਂ ਨੂੰ ਵੀ ਪਤਾ ਲੱਗੇ ਕਿ ਗੁੱਡ ਮਾਰਨਿੰਗ ਪੰਜਾਬੀ ਵਿੱਚ ਕਿਸ ਤਰ੍ਹਾਂ ਹੁੰਦਾ ਹੈ ਇਸ ਮਕਸਦ ਨਾਲ ਗੁੱਡ ਮਾਰਨਿੰਗ ਦੇ ਪੰਜਾਬੀ ਮੈਸੇਜ ਅਤੇ ਨਾਲ ਹੀ ਪੰਜਾਬੀ ਵਿਰਸੇ ਨਾਲ ਸਬੰਧਤ ਤਸਵੀਰਾ ਲਗਾ ਕੇ 365 ਪੋਸਟਾ ਤਿਆਰ ਕੀਤੀਆ ਹਨ ਅਤੇ ਸਾਰਿਆ ਮਹੀਨਿਆਂ ਦੀਆਂ ਮੱਸਿਆ, ਪੁਨਿੰਆ, ਸੰਗਰਾਂਦ ਅਤੇ ਹਰ ਦਿਨ-ਤਿਉਹਾਰ ਦੇ ਮੈਸਿਜ ਅੰਗਰੇਜੀ ਦੇ ਨਾਲ ਪੰਜਾਬੀ ਵਿੱਚ ਵੀ ਲਿੱਖ ਕੇ ਸਾਰੇ ਸਾਲ ਦੀਆਂ ਪੋਸਟਾ ਤਿਆਰ ਕੀਤੀਆ ਹਨ। ਮੈਂ ਇਨ੍ਹਾ ਵਿੱਚ ਸਿਰਫ ਪੰਜਾਬੀ ਲਿਖਣ ਦੀ ਵਜਾਏ ਅੰਗਰੇਜੀ ਇਸ ਲਈ ਲਿਖ ਰਿਹਾ ਹਾਂ ਕਿ ਅੰਗਰੇਜੀ ਭਾਸ਼ਾ ਜਾਨਣ ਵਾਲੇ ਜਿਆਦਾ ਲੋਕ ਹਨ। ਸਾਡੇ ਹੀ ਬਹੁਤ ਸਾਰੇ ਵਿਦੇਸ਼ੀ ਭੈਣ ਭਰਾ ਅਤੇ ਦੋਸਤ ਮਿੱਤਰ ਜਿਹੜੇ ਥੋੜੀ ਬਹੁੱਤੀ ਪੰਜਾਬੀ ਜਾਣਦੇ ਹਨ ਜਦ ਉਨ੍ਹਾ ਤੱਕ ਇਨ੍ਹਾ ਦੋਭਾਸ਼ੀ ਮੈਸਿਜ ਪਹੁੰਚਣਗੇ ਤਾਂ ਉਹ ਵੀ ਪੰਜਾਬੀ ਬਾਰੇ ਕੁੱਝ ਜਾਣਕਾਰ ਹੋਣਗੇ।


ਅਦਾਰਾ 'ਮਹਿਕ ਵਤਨ ਦੀ ਲਾਈਵ' ਇਸ ਕਾਰਜ ਵਿੱਚ ਆਪ ਜੀ ਦਾ ਸਹਿਯੋਗ ਦੇਵੇਗੀ। ਜੇਕਰ ਕੋਈ ਮੈਸਿਜ ਵਧਾਈ, ਸ਼ੁਭਕਾਮਨਾ ਜਾਂ ਹੋਰ ਵਧੀਆਂ ਸਮੱਗਰੀ ਜਿਸ ਨੂੰ ਤੁਸੀਂ ਪੰਜਾਬੀ ਵਿੱਚ ਲਿਖਣਾ ਚਾਹੁੰਦੇ ਹੋ ਪਰ ਤੁਸੀਂ ਕਿਸੇ ਕਾਰਨ ਨਹੀਂ ਲਿਖ ਸਕਦੇ, ਤੁਹਾਡੇ ਕੋਲ ਪੰਜਾਬੀ ਟਾਈਪ ਕਰਨ ਦਾ ਕੋਈ ਜਰੀਆ (ਸੋਰਸ) ਨਹੀਂ ਹੈ ਜਾਂ ਫੋਟੋ ਐਡਿੰਟਿੰਗ ਕਰਨ ਦਾ ਕੋਈ ਜਰੀਆ (ਸੋਰਸ) ਨਹੀਂ ਹੈ ਤਾਂ ਸਾਡੇ ਨਾਲ ਸੰਪਰਕ ਕਰੋ ਅਸੀਂ ਇਹ ਸੇਵਾ ਤੁਹਾਨੂੰ ਮੁਫਤ ਵਿੱਚ ਦੇਵਾਂਗੇ।

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

Titel Regd No. PUNPUN 04016 Year 8 Edition 03 Issue Date 15-06-2023

ਮੁੱਖ ਸੰਪਾਦਕ : ਭਵਨਦੀਪ ਸਿੰਘ ਪੁਰਬਾ
ਉੱਪ-ਮੁੱਖ ਸੰਪਾਦਕ (ਆਨਰੇਰੀ) : ਭਾਗਵੰਤੀ ਪੁਰਬਾ
ਸਾਹਿਤਕ ਸੰਪਾਦਕ : ਹਰਜੀਤ ਕੌਰ ਗਿੱਲ
ਸਹਿ ਸੰਪਾਦਕ : ਇਕਬਾਲ ਸਿੰਘ ਖੋਸਾ
ਇੰਚਾਰਜ ਪ੍ਰੋਟਿੰਗ ਵਿਭਾਗ : ਸੁਖਜੀਤ ਸਿੰਘ ਵਾਲੀਆ
ਵਿਸ਼ੇਸ਼ ਪ੍ਰਤੀਨਿਧ (ਕੈਨੇਡਾ): ਗੁਰਸੇਵਕ ਸਿੰਘ ਪੁਰਬਾ
ਮੁੱਖ ਸਲਾਹਕਾਰ : ਬਾਬਾ ਜਸਵੀਰ ਸਿੰਘ ਲੋਹਾਰਾ
ਸਾਹਿਤਕ ਸਲਾਹਕਾਰ : ਗੁਰਮੇਲ ਸਿੰਘ ਬੌਡੇ
ਸਿਆਸੀ ਸਲਾਹਕਾਰ : ਕੁਲਵਿੰਦਰ ਸਿੰਘ ਤਾਰੇਵਾਲਾ
ਪ੍ਰੈਸ ਫੋਟੋ ਗ੍ਰਾਫਰ : ਮਨਮੋਹਨ ਸਿੰਘ ਚੀਮਾ



GURU NANAK
LIBRARY
ऑनलाईन फार्म
एडमिशन फार्म
रिजल्ट
पासपोर्ट
पैन कार्ड
लैमिनेशन
यहां पर सभी प्रकार के Competition से Related Books मार्किट से सस्ते रेटों पर मिलती है।
यहां पर IGNOU, के सभी प्रकार के फार्म भरने की सुविधा है।
99929-99115
onlinesolution811@gmail.com

ਵਿਸ਼ੇਸ਼ ਨੋਟ : 1. 'ਮਹਿਕ ਵਤਨ ਦੀ ਲਾਈਵ' ਪੇਪਰ ਵਿੱਚ ਛਪਣ ਵਾਲੀਆਂ ਸਾਰੀਆਂ ਰਚਨਾਵਾਂ ਵਿੱਚ ਨਾਮ ਅਤੇ ਸਥਾਨ ਫਰਜ਼ੀ ਹੁੰਦੇ ਹਨ। ਜੇਕਰ ਕਿਸੇ ਜਿਉਂਦੇ ਜਾਂ ਮਰ ਚੁੱਕੇ ਵਿਅਕਤੀ ਨਾਲ ਮਿਲ ਜਾਣ ਤਾਂ ਇਹ ਇੱਕ ਸੰਯੋਗ ਹੀ ਸਮਝਣਾ ਚਾਹੀਦਾ ਹੈ ਅਦਾਰਾ ਇਸ ਦਾ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੋਵੇਗਾ। 2. 'ਮਹਿਕ ਵਤਨ ਦੀ ਲਾਈਵ' ਸਿਰਫ ਪੰਜਾਬੀ ਪੇਪਰ ਹੈ ਜਿਸ ਦਾ ਕਿਸੇ ਵੀ ਸਿਆਸੀ ਪਾਰਟੀ ਨਾਲ ਕੋਈ ਸਬੰਧ ਨਹੀਂ ਹੈ। 3. ਵਿਦੇਸ਼ਾਂ ਵਿੱਚ ਪੇਪਰ ਮੰਗਵਾਉਣ ਲਈ ਆਪਣਾ ਪਤਾ ਅੰਗੇਰਜ਼ੀ ਦੇ ਵੱਡੇ ਅੱਖਰਾਂ ਵਿੱਚ ਲਿਖ ਕੇ ਭੇਜਿਆ ਜਾਵੇ। 4. ਹਰ ਪ੍ਰਕਾਰ ਦਾ ਚੰਦਾ 'ਮਹਿਕ ਵਤਨ ਦੀ' ਦੇ ਨਾਮ ਤੇ ਭੇਜਿਆ ਜਾਵੇ ਜੋ ਮੋਗਾ ਪੰਜਾਬ ਵਿਚ ਭੁਗਤਾਉਣ ਯੋਗ ਹੋਵੇ। 5. ਇਸ਼ਤਿਹਾਰ ਦੇ ਮੈਟਰ ਬਾਰੇ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 6. 'ਮਹਿਕ ਵਤਨ ਦੀ' ਨਾਲ ਸਬੰਧਤ ਹਰ ਕਿਸਮ ਦੇ ਕਾਨੂੰਨੀ ਝਗੜੇ ਦਾ ਨਿਪਟਾਰਾ ਸਿਰਫ ਜ਼ਿਲ੍ਹਾ ਅਦਾਲਤ ਮੋਗਾ ਵਿੱਚ ਹੀ ਕੀਤਾ ਜਾਵੇਗਾ। 7. ਜੇਕਰ ਕਿਸੇ ਨੂੰ 'ਮਹਿਕ ਵਤਨ ਦੀ ਲਾਈਵ' ਪੇਪਰ ਦੇ ਸਬੰਧਤ ਮੈਟਰ ਤੇ ਕਿਸੇ ਪ੍ਰਕਾਰ ਦਾ ਇਤਰਾਜ਼ ਹੋਵੇ ਤਾਂ ਉਹ ਪੇਪਰ ਛਪਣ ਤੋਂ 15 ਦਿਨਾਂ ਦੇ ਅੰਦਰ -ਅੰਦਰ ਆਪਣੇ ਇਤਰਾਜ਼ ਪ੍ਰਗਟ ਕਰ ਸਕਦਾ ਹੈ ਇਸ ਤੋਂ ਬਾਅਦ ਅਦਾਰਾ ਜ਼ਿੰਮੇਵਾਰ ਨਹੀਂ ਹੋਵੇਗਾ। 8. ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਲੇਖਕਾਂ ਪ੍ਰਤੀ 1. 'ਮਹਿਕ ਵਤਨ ਦੀ ਲਾਈਵ' ਲਈ ਰਚਨਾਵਾਂ ਭੇਜਣ ਸਮੇਂ ਲੇਖਕਾਂ ਲਈ ਜ਼ਰੂਰੀ ਹੈ ਕਿ ਆਪਣੀ ਰਚਨਾ ਤਸਦੀਕ ਕਰਕੇ ਭੇਜਣ ਕਿ ਇਹ ਰਚਨਾ ਉਹਨਾਂ ਦੀ ਮੌਲਿਕ ਰਚਨਾ ਹੈ। 2. ਰਚਨਾਵਾਂ ਭੇਜਦੇ ਸਮੇਂ ਉਸ ਦੀ ਕਾਪੀ ਆਪਣੇ ਕੋਲ ਜ਼ਰੂਰ ਰੱਖ ਲਵੋ, ਰਚਨਾ ਵਾਪਸ ਨਹੀਂ ਭੇਜੀ ਜਾਵੇਗੀ, ਨਾ ਛਪਣਯੋਗ ਰਚਨਾ ਉਸ ਸੂਰਤ ਵਿੱਚ ਵਾਪਸ ਭੇਜੀ ਜਾਵੇਗੀ ਅਗਰ ਟਿਕਟ ਲੱਗਾ ਅਡਰੈਸ ਕੀਤਾ ਲਿਫ਼ਾਫਾ ਨਾਲ ਹੋਵੇਗਾ। 3. ਰਚਨਾਵਾਂ ਪੇਜ਼ ਦੇ ਇਕ ਪਾਸੇ ਸਾਫ ਸਾਫ ਕਰਕੇ ਲਿਖੀਆਂ ਜਾਣ ਜਾਂ ਟਾਈਪ ਕਰਕੇ ਭੇਜੀਆਂ ਜਾਣ ਜਾਂ ਈਮੇਲ ਅਡਰੈਸ 'ਤੇ ਭੇਜੀਆਂ ਜਾਣ। 4. ਕਿਸੇ ਵੀ ਲੇਖਕ ਨੂੰ ਉਸ ਦੀਆਂ ਰਚਨਾਵਾਂ ਦੀ ਕੋਈ ਕੀਮਤ ਨਹੀਂ ਦਿੱਤੀ ਜਾਂਦੀ ਹੈ।

ਟਾਈਟਲ ਡਿਜ਼ਾਇਨਿੰਗ : WP&S
ਮੈਗਜ਼ੀਨ, ਕਿਤਾਬਾਂ, ਪੋਸਟਰ, ਕੈਲੰਡਰ, ਸਕੂਲਾਂ ਨਾਲ ਸੰਬੰਧਤ ਹਰ ਤਰ੍ਹਾਂ ਦਾ ਕੰਮ ਕਰਵਾਉਣ ਲਈ ਸੰਪਰਕ ਕਰੋ।
ਮੋ. 98153-78692

ਵਿਸ਼ੇਸ ਨੋਟ
'ਮਹਿਕ ਵਤਨ ਦੀ ਲਾਈਵ' ਪੇਪਰ ਸਬੰਧੀ ਹਰ ਪ੍ਰਕਾਰ ਦੀ ਜਾਣਕਾਰੀ ਲਈ Help Line: (+91) 9988-92-9988 ਤੇ
ਸਿਰਫ ਸਵੇਰੇ 10 ਵਜੇ ਤੋ ਸ਼ਾਮ 5 ਵਜੇ ਤੱਕ
ਹੀ ਸੰਪਰਕ ਕੀਤਾ ਜਾਵੇ।




# ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਰਣਜੀਤ ਸਿੰਘ ਐਮ.ਏ. ਫਰੀਦਕੋਟ



ਗੁਰ-ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਮਾਝੇ ਦੇ ਇਤਿਹਾਸਿਕ ਨਗਰ 'ਬਾਬਾ ਬਕਾਲਾ' ਵਿੱਚ 22 ਭੇਖੀ ਗੁਰੂ ਆਪੋ ਆਪਣੀ ਪੂਜਾ ਕਰਵਾਉਣਾ ਅਤੇ ਦਸਵੰਧ ਛੱਕਣ ਲਈ ਮੰਜੀਆਂ ਡਾਹ ਕੇ ਬੈਠ ਗਏ ਸਨ। ਉਸ ਸਮੇਂ, ਗੁਰੂ ਘਰ ਦੇ ਇੱਕ ਅਨਿੰਨ ਸ਼ਰਧਾਲੂ ਗੁਰਸਿੱਖ ਭਾਈ ਮੱਖਣ ਸ਼ਾਹ ਲੁਬਾਣਾ ਜੀ ਨੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਇਕਾਂਤ ਵਿੱਚੋਂ ਟੋਲਿਆ, ਪਰਖਿਆ ਅਤੇ ਹੂਕ ਭਰਿਆ ਹੋਕਾ ਦਿੱਤਾ : "ਗੁਰ ਲਾਧੋ ਰੇ ! ਗੁਰੂ ਲਾਧੇ ਰੇ !! ਗੁਰੂ ਲਾਧੇ ਰੇ !!!" ਗੁਰਸਿੱਖ ਦੇ ਮਨ ਵਿੱਚੋਂ ਨਿਕਲੀ ਹੂਕਨੁਮਾ ਹਾਕ ਨੇ ਸਾਰੀ ਸੰਗਤ ਨੂੰ ਖਿੱਚ ਲਿਆ ਅਤੇ ਭੇਖੀ ਗੁਰੂ ਬੋਰੀਆਂ-ਬਿਸਤਰਾ ਲਪੇਟ ਕੇ ਆਪੋ ਆਪਣੇ ਡੇਰੇਨੁਮਾ ਦਾਇਰਿਆਂ ਦੀਆਂ ਚਾਰ-ਦਵਾਰੀਆਂ ਵਿਚ ਜਾ ਵੜੇ।

ਸਿੱਖ ਜਗਤ ਦੀ ਹਾਲਤ ਅੱਜ ਵੀ ਕੁਝ ਉਹੋ-ਜਿਹੀ ਹੈ। ਪ੍ਰਤੱਖ ਗੁਰੂ, ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਾਜ਼ਰਾ-ਹਜ਼ੂਰ ਅਤੇ ਜ਼ਾਹਰਾ-ਜ਼ਹੂਰ ਹੁੰਦਿਆਂ, ਕਈ ਭੇਖੀ ਤਰ੍ਹਾਂ-ਤਰ੍ਹਾਂ ਦੇ ਅੰਡਬਰ ਰੱਚ ਕੇ, ਗੋਲਮੋਲ ਘੋਟਵੀਆਂ ਦਸਤਾਰਾਂ ਸਜਾ ਕੇ, ਲੰਮੇ-ਲੰਮੇ ਚੋਲੇ ਪਾ ਕੇ, ਭੀੜੀਆਂ ਪਜਾਮੀਆਂ ਦੀ ਨੁਮਾਇਸ਼ ਕਰਕੇ, ਮਣਕੇ ਤੇ ਮਣਕਾ ਠਾਹ ਮਣਕਾ ਦਾ ਮਾਲਾ-ਜਾਪ ਦਿਖਾ ਕੇ, ਹੱਥਾਂ ਤੇ ਸਰਹੋਂ ਜਮਾਉਣ ਵਾਂਗ ਮਦਾਰੀਆਂ ਵਾਲਾ ਪਾਖੰਡ ਪ੍ਰਗਟਾ ਕੇ, ਵੱਡੀਆਂ ਵੱਡੀਆਂ ਡੇਰੇਨੁਮਾ ਆਧੁਨਿਕ ਕਾਲੋਨੀਆਂ ਉਸਾਰ ਕੇ, ਗੁਰਬਾਣੀ ਦੇ ਅਰਥਾਂ ਨਾਲ ਅਨੱਰਥ ਕਰ ਕੇ, **'ਕੰਨਾ-ਮੰਨਾ ਕੁਰ, ਤੂੰ ਮੇਰਾ ਚੇਲਾ ਮੈਂ ਤੇਰਾ ਗੁਰ'** ਆਖ ਕੇ ਆਪਣੇ ਗੁਰੂ ਹੋਣ ਦਾ ਝਾਉਲਾ ਦਿੰਦੇ ਹੋਏ, ਆਪਣੇ ਹਲਵੇ-ਮਾਂਡੇ ਦਾ ਪ੍ਰਬੰਧ ਕਰੀ ਬੈਠੇ ਹਨ। ਅੱਜ ਵੀ ਭਾਈ ਮੱਖਣ ਸ਼ਾਹ ਵਾਂਗ ਹਜ਼ਾਰਾਂ ਗੁਰਸਿੱਖ : **'ਗੁਰੂ ਸ਼ਬਦ ਹੈ', 'ਗੁਰੂ ਪ੍ਰਤੱਖ ਹੈ', ਗੁਰੂ ਗ੍ਰੰਥ ਹੈ', 'ਗੁਰਬਾਣੀ ਹੀ ਗੁਰੂ ਹੈ' 'ਪੋਥੀ ਪਰਮੇਸਰ ਕਾ ਥਾਨ ਹੈ'** ਦਾ ਹੋਕਾ ਦੇ ਰਹੇ ਹਨ, ਪਰ ਅਫਸੋਸ-ਦਰ-ਅਫਸੋਸ ਇਹ ਕਿ ਉਨ੍ਹਾਂ ਦੀ ਕਹੀ ਨੂੰ ਸੁਣ ਕੇ ਮੰਨ ਕੋਈ ਨਹੀਂ ਰਿਹਾ। ਫਲਸਰੂਪ ਦੇਹਧਾਰੀ ਗੁਰੂ-ਪਰਪੰਚ ਬਾਦਸਤੂਰ ਕਾਇਮ ਹੈ। ਇਹ ਡੰਮੀ ਗੁਰੂ, ਰੱਤ ਪੀਣੀਆਂ ਜੋਕਾਂ ਵਾਂਗ ਕੌਮ ਦੇ ਪਿੰਡੇ ਤੇ ਚਿੰਬੜੇ ਹੋਏ ਹਨ। ਸਾਡੀ ਅਗਿਆਨਤਾ ਅਤੇ ਅੰਨ੍ਹੀ ਸ਼ਰਧਾ ਕਾਰਣ ਦੰਭੀ ਗੁਰੂ ਖੁਸ਼ ਹਨ, ਮਾਲਾਮਾਲ ਹੋ ਰਹੇ ਹਨ, ਘਿਉ ਦੇ ਦੀਵੇ ਜਗਾ ਰਹੇ ਹਨ ਅਤੇ ਅਸੀਂ ਆਪਣੀ ਹੀ ਬਰਬਾਦੀ ਦੇ ਭਾਂਬੜ ਵਿੱਚ ਤੇਲ ਪਾ ਕੇ ਫੂਕਾਂ ਮਾਰ ਰਹੇ ਹਾਂ। ਸਾਡੀ ਤਬਾਹੀ ਉੱਤੇ ਡੰਮੀ ਗੁਰੂ ਅਤੇ ਉਨ੍ਹਾਂ ਦੇ ਪਾਲਤੂ ਬਟੇਰੇ ਹੱਸ ਰਹੇ ਹਨ। ਨਿੱਤ ਨਵੇਂ ਦਿਨ ਕੋਈ ਨਵਾਂ ਪਾਖੰਡੀ 'ਡੰਮੀ ਗੁਰੂ' ਬਣ ਕੇ ਉੱਠ ਖਲੋਂਦਾ ਹੈ ਅਤੇ ਖਾਲਸਾ ਪੰਥ ਨੂੰ ਵੰਗਾਰਨ ਲਗਦਾ ਹੈ। ਇਨ੍ਹਾਂ ਤਰਸੋਯਗ ਪ੍ਰਸਥਿਤੀਆਂ ਵਿੱਚ ਜਦੋਂ **'ਆਧੇਰੈ ਰਾਹ ਨ ਕੋਈ'** ਦਿੱਸ ਰਿਹਾ ਹੋਵੇ ਤਾਂ **'ਅਗਾਂਹ ਕੂ ਤ੍ਰਾਂਘਣ'** ਲਈ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖਾਰਬਿੰਦ ਤੋਂ ਪ੍ਰਗਟੇ ਰੱਬੀ ਬੋਲਾਂ ਤੋਂ ਅਗਵਾਈ ਪ੍ਰਾਪਤ ਕਰਨੀ ਨਿਹਾਇਤ ਜ਼ਰੂਰੀ ਜਾਪਦੀ ਹੈ।

ਬਿਨਾਂ ਕਿਸੇ ਸ਼ਕੇ, ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸੰਦੇਸ਼ ਇਹ ਹੀ ਹੈ ਕਿ ਪ੍ਰਭੂ-ਪਰਮਾਤਮਾ ਦੇ ਲੜ ਸਿਰਫ ਸੱਚਾ ਸਤਿਗੁਰੂ ਹੀ ਜੋੜ ਸਕਦਾ ਹੈ। ਗੁਰਮਤਿ ਵਿਚਾਰਧਾਰਾ ਅਨੁਸਾਰ ਪੂਰੇ ਗੁਰੂ ਦੀ ਰਹਿਨੁਮਾਈ ਤੋਂ ਬਗੈਰ ਕੋਈ ਇਨਸਾਨ ਆਤਮਿਕ ਮਾਰਗ ਦਾ ਪੰਧਾਊ ਵੀ ਨਹੀਂ ਬਣ ਸਕਦਾ। ਆਤਮਿਕ ਜੀਵਨ ਦੀਆਂ ਮੰਜ਼ਿਲਾਂ ਛੂਹਣਾ ਤਾਂ ਨਾਮੁਮਕਿਨ ਬਾਤ ਹੈ। ਗੁਰੂ ਬਾਬੇ ਦੇ ਫੁਰਮਾਨ ਹਨ :

**"ਬਿਨੁ ਸਤਿਗੁਰ ਕਿਨੈ ਨ ਪਾਇਓ,**
**ਬਿਨੁ ਸਤਿਗੁਰ ਕਿਨੈ ਨ ਪਾਇਆ॥**
**ਸਤਿਗੁਰ ਵਿਚਿ ਆਪੁ ਰਖਿਓਨੁ,**
**ਕਰਿ ਪਰਗਟੁ ਆਖਿ ਸੁਣਾਇਆ॥'**

....... ........... ........

**'ਗੁਰੂ ਦੇਵਾ ਗੁਰੁ ਅਲਖ ਅਭੇਵਾ॥**
**ਤ੍ਰਿਭਵਣ ਸੋਝੀ ਗੁਰ ਕੀ ਸੇਵਾ॥'**

ਗੁਰੂ ਸਾਹਿਬ ਦਾ ਫੈਸਲਾ ਅਟੱਲ ਹੈ। ਗੁਰੂ ਜੀ ਦੀ ਮੋਹਰ ਅਮਿੱਟ ਹੈ। ਸਿਧ ਗੋਸ਼ਟਿ ਵਿੱਚ ਗੁਰਦੇਵ ਜੀ ਦਾ ਫੁਰਮਾਨ ਹੈ : **"ਬਿਨੁ ਗੁਰ ਭਰਮੇ ਆਵੈ ਜਾਇ॥ ਬਿਨੁ ਗੁਰ ਘਾਲ ਨਾ ਪਵਈ ਥਾਇ॥ ਬਿਨੁ ਗੁਰ ਮਨੂਆ ਅਤਿ ਡੁਲਾਇ॥ ਬਿਨੁ ਗੁਰ ਤ੍ਰਿਪਤਿ ਨਹੀ ਬਿਖੁ ਖਾਇ॥ ਬਿਨੁ ਗੁਰ ਬਿਸੀਅਰ ਡਸੈ ਮਰਿ ਵਾਟ॥ ਨਾਨਕ ਗੁਰ ਬਿਨ ਘਾਟੇ ਘਾਟ॥"**

ਗੁਰੂ ਦੀ ਲੋੜ ਨੂੰ ਨਿਹਾਇਤ ਜ਼ਰੂਰੀ ਦਰਸਾ ਕੇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਹ ਭੀ ਸਪੱਸ਼ਟ ਕਰ ਦਿੱਤਾ ਕਿ 'ਗੁਰੂ' ਕਹਿਣ-ਕਹਾਉਣ ਦਾ ਅਧਿਕਾਰ ਸਿਰਫ 'ਸ਼ਬਦ' ਨੂੰ ਹੀ ਹੈ। ਪੰਜ ਭੂਤਕ ਮਨੁੱਖੀ ਸਰੀਰ ਨੂੰ ਗੁਰੂ ਕਹਿਣਾ 'ਗੁਰੂ ਲਫਜ਼ ਦੀ ਨਿਰਾਦਰੀ ਕਰਨਾ ਹੈ। 'ਸ਼ਬਦ ਦਾ ਓਟ-ਆਸਰਾ ਲੈਣ ਦਾ ਸਾਨੂੰ ਹੁਕਮ ਹੈ। ਗੁਰੂ ਬਾਬੇ ਦਾ ਫੁਰਮਾਨ ਹੈ :

**"ਸ਼ਬਦੇ ਹੀ ਤੇ ਪਾਈਐ ਹਰਿ ਨਾਮੇ ਲਗੈ ਪਿਆਰੁ॥**
**ਬਿਨੁ ਸ਼ਬਦੇ ਜਗੁ ਭੂਲਾ ਫਿਰੈ ਮਰਿ ਜਨਮੈ ਵਾਰੋ ਵਾਰ॥"**

ਗੁਰ-ਇਤਿਹਾਸ ਦੇ ਹਵਾਲਿਆਂ ਮੁਤਾਬਿਕ ਫਰਵਰੀ 1538 ਈ: ਦੀ ਸ਼ਿਵਰਾਤਰੀ ਦੇ ਮੇਲੇ 'ਤੇ ਸਿੱਧਾਂ-ਨਾਥਾਂ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇੱਕ ਲੰਮੀ ਗਿਆਨ-ਚਰਚਾ ਹੋਈ। ਸਿੱਧਾਂ-ਨਾਥਾਂ ਨੇ ਗੁਰੂ ਨਾਨਕ ਸਾਹਿਬ ਤੋਂ ਅਨੇਕਾਂ ਸਵਾਲ ਪੁਛੇ ਅਤੇ ਗੁਰੂ ਸਾਹਿਬ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਉਨ੍ਹਾਂ ਦੇ ਹਰ ਸਵਾਲ ਦਾ ਢੁਕਵਾਂ ਜਵਾਬ ਦਿੱਤਾ। ਇਨ੍ਹਾਂ ਸਵਾਲਾਂ-ਜਵਾਬਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਮਕਲੀ ਰਾਗ ਵਿੱਚ ਉਚਾਰਿਆ ਅਤੇ ਬਾਣੀ ਨੂੰ ਨਾਮ ਦਿੱਤਾ, **"ਸਿੱਧ ਗੋਸ਼ਟਿ"**। ਇਸੇ ਬਾਣੀ ਵਿੱਚ ਸਿੱਧਾਂ ਦਾ ਇੱਕ ਪ੍ਰਸ਼ਨ ਹੈ :

**"ਕਵਣ ਮੂਲੁ ਕਵਣ ਮਤਿ ਵੇਲਾ॥**
**ਤੇਰਾ ਕਵਣੁ ਗੁਰੂ ਜਿਸ ਦਾ ਤੂ ਚੇਲਾ॥"**

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਵਾਬ ਹੈ:

**"ਪਵਨ ਅਰੰਭੁ ਸਤਿਗੁਰ ਮਤਿ ਵੇਲਾ॥**
**ਸਬਦੁ ਗੁਰੂ ਸੁਰਤਿ ਧੁਨਿ ਚੇਲਾ॥"**

ਗੁਰੂ ਸਾਹਿਬ ਜਾਣਦੇ ਸਨ ਕਿ ਸਵਾਰਥੀ ਅਤੇ ਸ਼ਰਾਰਤੀ ਕਿਸਮ ਦੇ ਲੋਕ ਇਨ੍ਹਾਂ ਸ਼ਬਦਾਂ ਨੂੰ ਤੋੜ-ਮਰੋੜ ਕੇ ਮਨਭਾਉਂਦੇ ਅਰਥ ਕੱਢ ਕੇ ਆਪਣੀਆਂ ਵਿਹਲੜ ਗੋਗੜਾਂ ਨੂੰ ਝੁਲਕਾ ਦੇਣ ਦਾ ਉਪਰਾਲਾ ਕਰਨਗੇ, ਸੋ ਸ਼ਬਦ ਗੁਰੂ' ਦੇ ਇਸੇ ਸਿਧਾਂਤ ਨੂੰ ਗੁਰੂ ਸਾਹਿਬ ਨੇ 'ਸਿਧ ਗੋਸਟਿ' ਦੀ 59ਵੀਂ ਪਾਉੜੀ ਵਿੱਚ ਹੋਰ ਵੀ ਸਪੱਸ਼ਟ ਕਰ ਦਿੱਤਾ :

**"ਸ਼ਬਦਿ ਗੁਰੂ ਭਵਸਾਗਰੁ ਤਰੀਐ,**
**ਇਤ ਉਤ ਏਕੋ ਜਾਣੈ॥**
**ਚਿਰਨੁ ਵਰਨੁ ਨਹੀ ਛਾਇਆ ਮਾਇਆ,**
**ਨਾਨਕ ਸਬਦੁ ਪਛਾਣੈ॥"**

ਸਿਰੀ ਰਾਗ ਵਿੱਚ ਗੁਰੂ ਨਾਨਕ ਸਾਹਿਬ ਨੇ ਇੱਕ ਹੀ ਪੰਕਤੀ ਵਿੱਚ ਫੈਸਲਾ ਸੁਣਾ ਦਿੱਤਾ। ਗੁਰਵਾਕ ਹੈ : **"ਮਨ ਰੇ, ਸਬਦਿ ਤਰਹੁ ਚਿਤੁ ਲਾਇ॥"**

ਗੁਰੂ ਸਾਹਿਬ ਦੇ ਫੈਸਲਾਕੁੰਨ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਵੀ ਅੱਜ ਬਹੁਤ ਸਾਰੇ ਸਿੱਖ 'ਸ਼ਬਦ ਗੁਰੂ' ਦਾ ਪੱਲਾ ਛੱਡ ਕੇ 'ਆਪੂ ਬਣੇ ਮਾਰਡਨ ਗੁਰੂਆਂ' ਦੀ ਪੂਛ ਪਕੜੀ ਬੈਠੇ ਹਨ। ਭੁਲੇਖੇ ਵਿੱਚ ਪਾਉਣ ਲਈ ਇਨ੍ਹਾਂ ਦੰਭੀ ਗੁਰੂਆਂ ਦੇ ਪਾਲਤੂ ਬਟੇਰਿਆਂ ਵੱਲੋਂ ਪਰਚਾਰਿਆ ਜਾਂਦਾ ਹੈ ਕਿ ਵਾਹਿਗੁਰੂ ਨਾਲ ਉਹ ਹੀ ਮਿਲਾ ਸਕਦਾ ਹੈ, ਜੋ ਉਸ ਨਾਲ ਜੁੜਿਆ ਹੋਵੇ। ਇਹ ਧਾਰਮਿਕਤਾ ਦੇ ਵੈਰੀ ਦੇਹਧਾਰੀਆਂ ਅਤੇਅਧਿਆਤਮਿਕਤਾ ਦੇ ਦੁਸ਼ਮਣ ਅਜੋਕੇ ਲੋਟੂਆਂ ਦੀ ਭੋਲੇ ਭਾਲੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਇੱਕ ਚਾਲ ਹੈ। ਸੱਚ ਤਾਂ ਇਹ ਹੈ ਕਿ 'ਗੁਰਬਾਣੀ' ਮਹਾਨ ਸਿੱਖ ਸਤਿਗੁਰਾਂ ਅਤੇ ਪਰਮਾਤਮ ਰੂਪ ਹੋਏ ਗੁਰ-ਪਰਵਾਨਤ ਭਗਤਾਂ ਦੀ ਵਾਹਿਗੁਰੂ ਨਾਲ ਹੋਈ ਇਕਮਿਕਤਾ ਅਤੇ ਅਭੇਦਤਾ ਦੀ ਉਪਜ ਅਥਵਾ ਅਨੁਭਵ ਹੈ। 'ਸ਼ਬਦ' ਜਿਥੇ ਵਾਹਿਗੁਰੂ-ਮਿਲਾਪ ਤੋਂ ਉਪਜੀ ਅਗੰਮੀ ਅਨਾਦੀ ਅਵਸਥਾ ਦਾ ਜ਼ਿਕਰ ਕਰਦਾ ਹੈ, ਉਥੇ ਵਾਹਿਗੁਰੂ-ਮਿਲਾਪ ਦੇ ਰਾਹ ਵਿੱਚ ਆਉਣ ਵਾਲੇ ਖਤਰਿਆਂ ਤੋਂ ਸੁਚੇਤ ਭੀ ਕਰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਜੀ ਦੇ ਰਾਜ ਦੇ ਆਰੰਭ-ਕਾਲ ਤੱਕ 100 ਵਰ੍ਹਿਆਂ ਦੇ ਲੰਮੇ ਇਤਿਹਾਸ ਨੇ, ਜਦੋਂ 'ਦੇਹਧਾਰੀ ਗੁਰੂ' ਨਾਂ ਦੀ ਕੋਈ ਚੀਜ਼ ਨਹੀਂ ਸੀ, ਇਹ ਦੱਸ ਦਿੱਤਾ ਕਿ 'ਸ਼ਬਦ' ਤੋਂ ਅਗਵਾਈ ਲੈ ਕੇ ਸਿੰਘ ਕਿਸ ਤਰ੍ਹਾਂ ਵੱਡੀਆਂ ਤੋਂ ਵੱਡੀਆਂ ਮੁਸੀਬਤਾਂ ਦਾ ਟਾਕਰਾ ਕਰ ਸਕਦੇ ਹਨ। ਇਹ 'ਸ਼ਬਦ' ਹੀ ਸੀ, ਜਿਸ ਨੇ ਰੰਕਾਂ ਨੂੰ ਰਾਜੇ ਬਣਾ ਦਿੱਤਾ ਅਤੇ ਛੰਭਾਂ ਦੀਆਂ ਛੁਪਣਗਾਹਾਂ ਵਿੱਚ ਠਾਹਰਾਂ ਲੈਣ ਵਾਲੇ ਰਾਜਗੱਦੀਆਂ ਤੇ ਬਿਰਾਜਮਾਨ ਹੋਏ। 'ਸ਼ਬਦ ਗੁਰੂ' ਦੀ ਓਟ ਲੈ ਕੇ ਉਸ ਸਮੇਂ ਸਿੱਖਾਂ ਨੇ ਆਪਣੇ ਸਰੀਰਾਂ 'ਤੇ ਜਿਵੇਂ ਅਡੋਲ ਰਹਿ ਕੇ ਜੋ ਕਸ਼ਟ ਸਹਾਰੇ, ਉਹ ਆਪਣੀ ਮਿਸਾਲ ਆਪ ਹਨ। ਸ਼ਬਦ ਗੁਰੂ ਦੀ ਓਟ-ਆਸਰੇ ਰਹਿਣ ਵਾਲੇ ਸ਼ਰਧਾਲੂ ਗੁਰਸਿੱਖਾਂ ਨੂੰ ਸਮੇਂ ਦੀ ਜਾਬਰ ਹਕੂਮਤ ਵੱਲੋਂ ਚਰਖੜੀਆਂ ਤੇ ਚਾੜ੍ਹ ਕੇ ਤੂੰਬਾ ਤੂੰਬਾ ਕੀਤਾ ਗਿਆ, ਬੰਦ-ਬੰਦ ਕੱਟ ਕੇ ਸ਼ਹੀਦ ਕੀਤਾ ਗਿਆ, ਜੰਬੂਰਾਂ ਨਾਲ ਮਾਸ ਨੋਚਿਆ ਗਿਆ, ਹਾਥੀਆਂ ਦੀਆਂ ਸੁੰਮਾਂ ਥੱਲੇ ਲਤਾੜਿਆ ਗਿਆ, ਘੋੜਿਆਂ ਮਗਰ ਬੰਨ ਕੇ ਘੜੀਸਿਆਂ ਗਿਆ, ਅੱਧਾ ਧੜ ਧਰਤੀ ਵਿੱਚ ਗੱਡ ਕੇ ਅੱਧਾ ਤੋਪਾਂ ਨਾਲ ਉਡਾਇਆ ਗਿਆ, ਬੱਚਿਆਂ ਦੇ ਟੋਟੇ ਕਰ ਕੇ ਹਾਰ ਮਾਵਾਂ ਦੇ ਗਲ ਵਿੱਚ ਪਾਏ ਗਏ, ਤਰ੍ਹਾਂ-ਤਰ੍ਹਾਂ ਦੇ ਡੂਮ-ਡਰਾਵਿਆਂ ਦੇ ਨਾਲ-ਨਾਲ ਵੱਡੇ-ਵੱਡੇ ਲੋਭ-ਲਾਲਚ ਵੀ ਦਿੱਤੇ ਗਏ, ਪ੍ਰੰਤੂ ਅਜਿਹੀ ਇੱਕ ਵੀ ਉਦਾਹਰਣ ਇਤਿਹਾਸ ਦੇ ਪੰਨਿਆਂ 'ਤੇ ਨਹੀਂ ਮਿਲਦੀ ਕਿ ਕੋਈ ਇੱਕ ਗੁਰਸਿੱਖ ਵੀ ਆਪਣੇ ਸ਼ਬਦ ਗੁਰੂ ਦੇ ਗੁਰਮਤ ਗਾਡੀ ਰਾਹ ਤੋਂ ਤਿਲਕਿਆ ਹੋਵੇ। ਏਅਰ ਕੰਡੀਸ਼ਨ ਗੱਡੀਆਂ ਝੂਟਣ ਵਾਲੇ, ਮਖਮਲੀ ਸੇਜਾਂ ਮਾਨਣ ਵਾਲੇ ਅਜੋਕੇ ਮਾਡਰਨ ਗੁਰੂ ਅਤੇ ਉਨ੍ਹਾਂ ਦੇ ਚੇਲੇ-ਚਾਟੜੇ ਤਾਂ ਅਜਿਹੇ ਕਸ਼ਟਾਂ ਦੇ ਨਾਂ-ਮਾਤਰ ਨਾਲ ਹੀ ਤ੍ਰਾਹ ਉੱਠਦੇ ਹਨ।

ਅਫਸੋਸ ! ਅਸੀਂ 'ਸ਼ਬਦ' ਦੀ ਓਟ ਛੱਡ ਚੁੱਕੇ ਹਾਂ। ਸ਼ਬਦ (ਸਿਧਾਂਤ) ਦੀ ਪੂਜਾ ਨੂੰ ਤਿਲਾਂਜਲੀ ਦੇ ਕੇ ਦੇਹਧਾਰੀ (ਸਖਸ਼ੀਅਤ) ਦੀ ਪੂਜਾ ਆਰੰਭ ਦਿੱਤੀ ਹੈ। ਸਖ਼ਸ਼ੀਅਤ (ਦੇਹ) ਦੀ ਪੂਜਾ ਹੀ ਧੜਿਆਂ ਦੀ ਜਨਮਦਾਤੀ ਹੋਇਆ ਕਰਦੀ ਹੈ। ਇਸੇ ਬਿਰਤੀ ਕਾਰਣ ਹੀ ਧੜਿਆਂ ਨੂੰ ਧਰਮ ਨਾਲੋਂ ਜ਼ਿਆਦਾ ਪਿਆਰਾ ਸਮਝਿਆ ਜਾਂਦਾ ਹੈ। ਸਾਡੀ ਸਾਰੀ ਦੀ ਸਾਰੀ ਆਪਸੀ ਖਿਚੋਤਾਣ ਦਾ ਕਾਰਣ ਸ਼ਬਦ (ਸਿਧਾਂਤ) ਦੀ ਮਾਨਤਾ ਵੱਲੋਂ ਅਵੇਸਲਾਪਨ ਹੈ।

ਲੋੜ ਹੈ, ਇਸ ਮੁਸੀਬਤਾਂ ਭਰੇ ਸਮੇਂ ਸ਼ਬਦ ਗੁਰੂ, ਸਾਹਿਬ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਅਗਵਾਈ ਅਮਲੀ ਰੂਪ ਵਿੱਚ ਪ੍ਰਾਪਤ ਕਰੀਏ, ਜੋ ਰੰਕਾਂ ਤੋਂ ਰਾਜੇ ਬਣਾਉਣ ਦੇ ਸਮੱਰਥ ਹੈ, ਜੋ ਪਾਤਿਸ਼ਾਹਾਂ ਦਾ ਵੀ ਪਾਤਿਸ਼ਾਹ ਹੈ, ਜੋ ਦੀਨ-ਦੁਨੀ ਦਾ ਮਾਲਕ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਸਾਨੂੰ ਉਸੇ ਰਾਹ 'ਤੇ ਤੁਰਨਾ ਪਵੇਗਾ, ਜਿਹੜਾ ਰਾਹ ਗੁਰੂ ਸਾਹਿਬਾਨ ਨੇ ਆਪਣੀ ਅਗੰਮੀ ਜੋਤ ਅਤੇ ਵਿਸਮਾਦੀ ਜੁਗਤ ਰਾਹੀਂ ਦਰਸਾਇਆ ਹੈ। ਆਪਣੀ ਜਨਮਤ, ਦੁਰਮਤ ਅਤੇ ਅਨਮਤਾਂ ਤਿਆਗ ਕੇ ਹੀ ਬੁਲੰਦੀਆਂ ਨੂੰ ਛੂਹਿਆ ਜਾ ਸਕਦਾ ਹੈ। ਗੁਰ-ਫੁਰਮਾਨ ਹੈ :

**"ਇਤੁ ਮਾਰਗਿ ਚਲੇ ਭਾਈਅੜੇ,**
**ਗੁਰੁ ਕਹੈ ਸੁ ਕਾਰ ਕਮਾਇ ਜੀਓ॥**
**ਤਿਆਗੇਂ ਮਨ ਕੀ ਮਤੜੀ,**
**ਵਿਸਾਰੇਂ ਦੂਜਾ ਭਾਉ ਜੀਓ॥**
**ਇਉ ਪਾਵਹਿ ਹਰਿ ਦਰਸਾਵੜਾ,**
**ਨਹ ਲਗੈ ਤਤੀ ਵਾਉ ਜੀਉ॥"**

ਕੇਵਲ 'ਸ਼ਬਦ ਗੁਰੂ' ਦੀ ਓਟ ਲੈ ਕੇ ਅਸੀਂ ਸਵੈਮਾਣ ਭਰੀ ਜ਼ਿੰਦਗੀ ਜਿਊਣ ਦੇ ਸਮਰੱਥ ਹੋ ਸਕਦੇ ਹਾਂ।


ਸਤਿਗੁਰੂ ਸਾਹਿਬਾਨ ਦੇ ਸਪੱਸ਼ਟ ਹੁਕਮਾਂ ਦੇ ਹੁੰਦਿਆਂ-ਸੁੰਦਿਆਂ ਜੋ ਲੋਕ ਪਾਖੰਡੀਆਂ-ਦੰਭੀਆਂ ਡੰਮੀ ਦੇਹਧਾਰੀ ਗੁਰੂਆਂ ਦੇ ਅੰਗੂਠੇ ਚੁੰਘਦੇ ਹਨ ਉਨ੍ਹਾਂ ਨੂੰ ਧੁਰ ਕੀ ਬਾਣੀ ਦੀ ਅਗੰਮੀ ਚੇਤਾਵਨੀ ਹੈ ਕਿ ਅੰਧਲੇ ਗੁਰੂਆਂ ਦੇ ਚੇਲੇ ਵੀ ਅੰਧੇ ਹੀ ਹੋਇਆ ਕਰਦੇ ਹਨ, ਉਨ੍ਹਾਂ ਨੂੰ ਜੀਵਨ ਮਨੋਰਥ ਦੀ ਪ੍ਰਾਪਤੀ ਵੀ ਨਹੀਂ ਹੋਇਆ ਕਰਦੀ ਅਤੇ ਇਸ ਸੰਸਾਰ ਵਿੱਚ ਉਨ੍ਹਾਂ ਦੀ ਆਮਦ ਵੀ ਸੁੰਞੇ ਘਰ ਵਿੱਚ ਕਾਂ ਦੇ ਗੇੜਾਂ ਮਾਰਨ ਵਰਗੀ ਹੀ ਹੈ, ਜਿਸ ਤੋਂ ਪ੍ਰਾਪਤੀ ਤਾਂ ਕੋਈ ਹੁੰਦੀ ਨਹੀਂ, ਬਲਕਿ ਪਛਤਾਵਾ ਹੀ ਪੱਲੇ ਪੈਂਦਾ ਹੈ।

ਇਸ ਪ੍ਰਥਾਇ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇਲਾਹੀ ਫੁਰਮਾਨ ਹੈ:

**"ਗੁਰੂ ਜਿਨਾ ਕਾ ਅੰਧੁਲਾ ਚੇਲੇ ਨਾਹੀ ਠਾਉ॥**
**ਬਿਨੁ ਸਤਿਗੁਰ ਨਾਉ ਨ ਪਾਈਐ,**
**ਬਿਨੁ ਨਾਵੈ ਕਿਆ ਸੁਆਉ॥**
**ਆਇ ਗਇਆ ਪਛੁਤਾਵਣਾ**
**ਜਿਉ ਸੁੰਞੈ ਘਰਿ ਕਾਉ॥"**

ਸੱਚ ਤਾਂ ਇਹ ਹੈ ਕਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੱਬੀ ਮਹਾਂਵਾਕਾਂ ਤੋਂ ਲਈ ਗਈ ਅਮਲੀ ਸੇਧ ਹੀ ਹਲਤ-ਪਲਤ ਦੇ ਸਾਰੇ ਸੁੱਖਾਂ ਦੀ ਕੁੰਜੀ ਹੈ...

# ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੀ ਯਾਦ ਵਿਚ ਸਲਾਨਾ ਸਮਾਗਮ 18 ਜੂਨ 2023 ਦਿਨ ਐਤਵਾਰ ਨੂੰ


ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ

ਬਾਘਾਪੁਰਾਣਾ/ ਭਵਨਦੀਪ ਸਿੰਘ ਪੁਰਬਾ

ਮਹਾਨ ਪਰਉਪਕਾਰੀ, ਸ਼ਾਂਤੀ ਦੇ ਸੋਮੇ, ਸੇਵਾ ਦੇ ਪੁੰਜ ਸੰਤ ਬਾਬਾ ਨਛੱਤਰ ਸਿੰਘ ਜੀ ਚੰਦਪੁਰਾਣਾ ਵਾਲਿਆਂ ਦੀ ਯਾਦ ਵਿਚ ਸਾਲਾਨਾ ਸਮਾਗਮ 18 ਜੂਨ ਨੂੰ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ (ਤਪ ਅਸਥਾਨ ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ) ਚੰਦ ਪੁਰਾਣਾ ਦੇ ਵਿਚ ਕਰਵਾਏ ਜਾ ਰਹੇ ਹਨ।

ਸੱਚਖੰਡ ਵਾਸੀ ਬਾਬਾ ਨਛੱਤਰ ਸਿੰਘ ਜੀ ਨੇ ਆਪਣੇ ਜੀਵਨ ਦੇ ਦੌਰਾਨ ਅਨੇਕਾਂ ਹੀ ਗੁਰਮਤਿ ਅਨੁਸਾਰ ਅਜਿਹੇ ਕਾਰਜ ਕੀਤੇ ਜੋ ਅੱਜ ਵੀ ਜਾਰੀ ਹਨ। ਉਹਨਾਂ ਨੇ ਆਪਣੇ ਜੀਵਨ ਵਿੱਚ ਅਜਿਹੀ ਘਾਲਣਾ ਘਾਲੀ ਕਿ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਚੰਦ ਪੁਰਾਣਾ ਮਨੁੱਖਤਾ ਦੀ ਸੇਵਾ ਦੇ ਕੇਂਦਰ ਵਜੋਂ ਦੇਸ਼ਾਂ ਵਿਦੇਸ਼ਾਂ ਦੇ ਵਿਚ ਵਿਕਸਿਤ ਹੋ ਚੁੱਕਾ ਹੈ। ਸੱਚੀ ਸੁੱਚੀ ਕਿਰਤ ਕਰਨ ਨੂੰ ਤਰਜ਼ੀਹ ਦੇਣਾ, ਸੇਵਾ ਕਰਨਾ, ਹਰੇਕ ਦੇ ਦੁੱਖ-ਸੁੱਖ 'ਚ ਸ਼ਰੀਕ ਹੋਣਾ ਆਪ ਜੀ ਦੇ ਸਾਧੂ ਸਹਿਜ ਸੁਭਾਅ ਦਾ ਇੱਕ ਹਿੱਸਾ ਸੀ। ਸਮਾਜ ਸੇਵਾ ਦਾ ਜ਼ਜ਼ਬਾ ਰੱਖਦਿਆਂ ਓਹਨਾਂ ਨੇ ਇਲਾਕੇ ਵਿਚ ਵੀ ਹੁੰਦੇ ਇਹ ਸਮਾਜ ਪੱਖੀ ਕਾਰਜਾਂ ਵਿਚ ਵੱਧ-ਚੜ੍ਹ ਕੇ ਸਹਿਯੋਗ ਦਿੱਤਾ।

ਇਸ ਸੰਬੰਧੀ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਜੀ ਚੰਦਪੁਰਾਣਾ ਵਾਲਿਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਾਬਾ ਜੀ ਦੀ ਯਾਦ ਵਿਚ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਹੈ ਜਿਨ੍ਹਾਂ ਦੇ ਭੋਗ 18 ਜੂਨ ਨੂੰ ਪਾਏ ਜਾਣਗੇ। ਉਪਰੰਤ ਧਾਰਮਿਕ ਦੀਵਾਨ ਸਜਣਗੇ। ਜਿਸ ਵਿੱਚ ਪ੍ਰਸਿੱਧ ਰਾਗੀ ਜਥੇ ਕਥਾ ਕੀਰਤਨ ਦੇ ਰਾਹੀਂ ਬਾਬਾ ਜੀ ਦੇ ਜੀਵਨ ਬਾਰੇ ਸੰਗਤਾਂ ਨੂੰ ਚਾਨਣਾ ਪਾਉਣਗੇ।



ਉਨ੍ਹਾਂ ਦੱਸਿਆ ਕਿ ਬਾਬਾ ਜੀ ਵੱਲੋਂ ਕੀਤੇ ਗਏ ਗੁਰਮਤਿ ਕਾਰਜਾਂ ਕਰਕੇ ਦੇਸ਼-ਵਿਦੇਸ਼ ਦੀਆਂ ਲੱਖਾਂ ਦੀ ਤਾਦਾਦ 'ਚ ਸੰਗਤਾਂ, ਧਾਰਮਿਕ ਸ਼ਖਸ਼ੀਅਤਾਂ, ਰਾਜਨੀਤਿਕ ਹਸਤੀਆਂ ਗੁਰਦੁਆਰਾ ਚੰਦ ਪੁਰਾਣਾ ਵਿਖੇ ਸਮੇਂ ਸਮੇਂ ਤੇ ਨਤਮਸਤਕ ਹੁੰਦੀਆਂ ਹਨ। ਇਸ ਮੌਕੇ ਬਾਬਾ ਗੁਰਦੀਪ ਸਿੰਘ ਨੇ ਸੰਗਤਾਂ ਨੂੰ ਵੱਧ ਤੋਂ ਵੱਧ ਸਮਾਗਮ ਦੇ ਵਿਚ ਸ਼ਾਮਲ ਹੋਣ ਦੀ ਅਪੀਲ ਕਰਦਿਆਂ ਕਿਹਾ ਸਮਾਗਮ ਦੌਰਾਨ ਸੰਗਤਾਂ ਵੱਲੋਂ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਜਾਣਗੇ।

## ਚੇਅਰਮੈਨ ਮਾਰਕੀਟ ਕਮੇਟੀ ਮੋਗਾ ਹਰਜਿੰਦਰ ਸਿੰਘ ਰੋਡੇ ਗੁਰਦੁਆਰਾ ਦੁੱਖਭੰਜਨਸਰ ਖੁਖਰਾਣਾ ਵਿਖੇ ਹੋਏ ਨਤਮਸਤਕ



ਖੁਖਰਾਣਾ (ਮੋਗਾ) / ਭਵਨਦੀਪ ਸਿੰਘ ਪੁਰਬਾ

ਨਵ ਨਿਯੁਕਤ ਚੇਅਰਮੈਨ ਮਾਰਕੀਟ ਕਮੇਟੀ ਮੋਗਾ ਸ੍ਰ ਹਰਜਿੰਦਰ ਸਿੰਘ ਰੋਡੇ ਗੁਰਦੁਆਰਾ ਦੁੱਖਭੰਜਨਸਰ ਖੁਖਰਾਣਾ ਵਿਖੇ ਨਤਮਸਤਕ ਹੋਏ। ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ ਅਤੇ ਅਸ਼ੀਰਵਾਦ ਲਿਆ। ਭਾਈ ਬਲਜਿੰਦਰ ਸਿੰਘ ਸੇਖੋਂ ਜਾਇੰਟ ਸੈਕਟਰੀ ਆਮ ਆਦਮੀ ਪਾਰਟੀ ਮੋਗਾ ਤੇ ਸਮੂੰਹ ਟੀਮ ਨੇ ਹਾਰ ਪਾ ਕੇ ਚੇਅਰਮੈਨ ਸ. ਰੋਡੇ ਦਾ ਸੁਆਗਤ ਕੀਤਾ। ਇਸ ਤੋਂ ਉਪਰੰਤ ਮੁੱਖ ਸੇਵਾਦਾਰ ਬਾਬਾ ਰੇਸ਼ਮ ਸਿੰਘ ਖੁਖਰਾਣਾ ਨਾਲ ਮੁਲਾਕਾਤ ਕੀਤੀ, ਹਲਕੇ ਦੇ ਵਿਕਾਸ ਕੰਮਾਂ ਬਾਰੇ ਕੀਤੀ ਵਿਚਾਰ ਚਰਚਾ ਮੰਡੀਆਂ ਚ ਵਧੀਆ ਸਾਫ ਸਫ਼ਾਈ ਪੀਣ ਵਾਲੇ ਦਾ ਪ੍ਰਬੰਧ ਅਤੇ ਲੋੜ ਮੁਤਾਬਕ ਕਿਸਾਨਾਂ ਦੀ ਮੰਗ ਅਨੁਸਾਰ ਸਾਰੇ ਪ੍ਰਬੰਧ ਕਰਨ ਦਾ ਕੀਤਾ ਵਾਅਦਾ। ਚੇਅਰਮੈਨ ਰੋਡੇ ਨੇ ਕਿਹਾ ਕਿ ਬਾਬਾ ਰੇਸ਼ਮ ਸਿੰਘ ਜੀ ਦੇ ਨਾਲ ਮੈਂ ਪੰਥਕ ਸਫਾਂ ਚ ਲੰਮਾ ਸਮਾਂ ਕੰਮ ਕੀਤਾ। ਸਾਡਾ ਗੁਰਸਿੱਖੀ ਨਾਤੇ ਭਰਾਵਾਂ ਵਾਲਾ ਪਿਆਰ ਹੈ ਜੋ ਵੀ ਮੈਨੂੰ ਕੰਮ ਕਹਿਣਗੇ ਹਲਕਾ ਵਿਧਾਇਕਾ ਡਾ ਅਮਨਦੀਪ ਕੌਰ ਅਰੋੜਾ ਦੀ ਸਲਾਹ ਨਾਲ ਪੂਰਾ ਕੀਤਾ ਜਾਵੇਗਾ ਅਤੇ ਜਿੱਥੇ ਵੀ ਸਾਨੂੰ ਲੋੜ ਪਈ ਬਾਬਾ ਜੀ ਦਾ ਸਹਿਯੋਗ ਲਿਆ ਜਾਵੇਗਾ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਬਾ ਰੇਸ਼ਮ ਸਿੰਘ ਖੁਖਰਾਣਾ ਨੇ ਕਿਹਾ ਕੇ ਹਰਜਿੰਦਰ ਸਿੰਘ ਰੋਡੇ ਇਮਾਨਦਾਰ ਅਤੇ ਕੁਰਬਾਨੀ ਵਾਲੇ ਪ੍ਰਵਾਰ ਦੇ ਵਿੱਚੋ ਹੈ।ਇਕ ਸੰਘਰਸ਼ੀਲ ਤੇ ਉੱਦਮੀ ਵਿਅਕਤੀ ਹੈ। ਇਸ ਲਈ ਅਸੀ ਪਾਰਟੀ ਬਾਜ਼ੀ ਤੋਂ ਉੱਪਰ ਉਠ ਸ੍ਰ ਰੋਡੇ ਦਾ ਮਾਨ ਸਨਮਾਨ ਕਰਦੇ ਹਾਂ। ਅਸੀਂ ਹਲਕਾ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ ਦਾ ਧੰਨਵਾਦ ਕਰਦੇ ਹਾਂ। ਜਿਨ੍ਹਾਂ ਦੇ ਜਤਨਾਂ ਸਦਕਾ ਹਰਜਿੰਦਰ ਸਿੰਘ ਰੋਡੇ ਨੂੰ ਇਹ ਵੱਡੀ ਜਿੰਮੇਵਾਰੀ ਮਿਲੀ ਹੈ। ਚੇਅਰਮੈਨ ਹਰਜਿੰਦਰ ਸਿੰਘ ਰੋਡੇ ਨੂੰ ਬਾਬਾ ਰੇਸ਼ਮ ਸਿੰਘ ਖੁਖਰਾਣਾ ਵੱਲੋਂ ਗੁਰੂਘਰ ਦੀ ਬਖ਼ਸ਼ਿਸ਼ ਸਿਰਪਾਓ ਦੇ ਕੇ ਕੀਤਾ ਸਨਮਾਨਿਤ। ਇਸ ਮੌਕੇ ਗੁਰਵੰਤ ਸਿੰਘ ਸੋਸਣ (ਪ੍ਰਧਾਨ ਯੂਥ ਵਿੰਗ ਹਲਕਾ ਮੋਗਾ ਦਿਹਾਤੀ), ਕੁਲਵਿੰਦਰ ਸਿੰਘ ਚੱਕੀਆਂ, ਅਰਵਿੰਦਰ ਸਿੰਘ ਕਾਨਪੁਰੀ ਤੋਂ ਅਲਾਵਾ ਆਮ ਆਦਮੀ ਪਾਰਟੀ ਖੁਖਰਾਣਾ ਦੀ ਸਮੂੰਹ ਟੀਮ ਹਾਜ਼ਰ ਸੀ।

## ਮੋਗਾ ਵਿੱਚ ਲੁਟੇਰਿਆਂ ਦੇ ਹੋਸਲੇ ਬੁਲੰਦ, ਲੁਟੇਰਿਆਂ ਵੱਲੋਂ ਮਾਰੀ ਗੋਲੀ ਨਾਲ ਵਿੱਕੀ ਨਾਮ ਦੇ ਸੋਨੇ ਦੇ ਵਪਾਰੀ ਦੀ ਮੌਤ


ਮ੍ਰਿਤਕ ਵਿੱਕੀ ਸੁਨਿਆਰਾ

**ਮੋਗਾ/ ਭਵਨਦੀਪ, ਇਕਬਾਲ ਖੋਸਾ :** ਮੋਗਾ ਸ਼ਹਿਰ ਵਿੱਚ ਲੁਟੇਰਿਆਂ ਦੇ ਹੋਸਲੇ ਇਨ੍ਹੇ ਬੁਲੰਦ ਹੋ ਗਏ ਹਨ ਕਿ ਬੀਤੇ ਦਿਨੀ ਉਹ ਬਿਨਾਂ ਮੂੰਹ ਢਕੇ ਸ਼ਹਿਰ ਦੇ ਭੀੜ ਵਾਲੇ ਰਾਮਗੰਜ ਬਜ਼ਾਰ ਵਿਚ ਦਿਨ ਦਿਹਾੜੇ ਸੋਨੇ ਦੀ ਦੁਕਾਨ ਤੇ ਆਏ, ਕਾਰੋਬਾਰੀ ਨੂੰ ਗੋਲੀਆਂ ਮਾਰੀਆ ਅਤੇ ਮੌਕੇ ਤੋਂ ਸੋਨੇ ਦੇ ਗਹਿਣਿਆਂ ਸਮੇਤ ਫਰਾਰ ਹੋ ਗਏ। ਗੋਲੀ ਸੁਨਿਆਰੇ ਦੀ ਵੱਖੀ ਵਿੱਚ ਵੱਜੀ ਜਿਸ ਕਾਰਨ ਗੰਭੀਰ ਹਾਲਤ ਵਿੱਚ ਮੋਗਾ ਦੇ ਡਾਕਟਰਾਂ ਨੇ ਉਸ ਨੂੰ ਲੁਧਿਆਣਾ ਰੈਫਰ ਕਰ ਦਿੱਤਾ ਸੀ ਪਰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਲੁਧਿਆਣਾ ਵਿਖੇ ਮੌਤ ਹੋ ਗਈ।

ਵਾਰਦਾਤ ਵਾਲੀ ਜਗਹ 'ਤੇ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਨੂੰ ਪਹੁੰਚੀ ਪੁਲਿਸ ਨੇ ਚੰਗੀ ਤਰ੍ਹਾਂ ਵੇਖਿਆ। ਜਾਣਕਾਰੀ ਮੁਤਾਬਕ ਇਹ ਘਟਨਾ ਦੁਪਹਿਰ 2:15 ਵਜੇ ਦੀ ਹੈ ਕੁਝ ਲੁਟੇਰੇ ਮੋਗਾ ਸ਼ਹਿਰ ਦੇ ਭੀੜ ਵਾਲੇ ਰਾਮਗੰਜ ਬਜ਼ਾਰ ਵਿਚ ਸਥਿਤ ਏਸ਼ੀਆ ਜਵੈਲਰਜ਼ ਦੀ ਦੁਕਾਨ ਤੇ ਆਏ ਅਤੇ ਉਨ੍ਹਾਂ ਨੇ ਵਿੱਕੀ ਨਾਮ ਦੇ ਦੁਕਾਨਦਾਰ ਨੂੰ ਸੋਨੇ ਦੇ ਗਹਿਣੇ ਦਿਖਾਉਣ ਲਈ ਕਿਹਾ। ਸੋਨਾ ਖਰੀਦਣ ਤੋਂ ਬਾਅਦ ਜਦੋਂ ਦੁਕਾਨਦਾਰ ਬਿੱਲ ਬਣਾ ਰਿਹਾ ਸੀ ਤਾਂ ਲੁਟੇਰਿਆਂ ਨੇ ਸੁਨਿਆਰੇ ਵਿੱਕੀ ਨੂੰ ਗੋਲ਼ੀ ਮਾਰ ਦਿੱਤੀ। ਸੁਨਿਆਰੇ ਨੇ ਵੀ ਆਪਣਾ ਪਿਸਤੌਲ ਕੱਢ ਕੇ ਮੁਕਾਬਲਾ ਕਰਨ ਦੀ ਕੋਸ਼ਿਸ ਕੀਤੀ ਪਰ ਚਾਰਾ-ਪੰਜਾਂ ਲੁਟੇਰਿਆਂ ਸਾਹਮਣੇ ਉਸ ਦੀ ਪੇਸ਼ ਨਹੀਂ ਗਈ ਅਤੇ ਉਹ ਮੌਕੇ ਤੇ ਗੰਭੀਰ ਜਖਮੀ ਹੋ ਗਿਆ। ਗੰਭੀਰ ਹਾਲਤ ਦੇ ਵਿੱਚ ਮੋਗਾ ਦੇ ਡਾਕਟਰਾਂ ਨੇ ਉਸ ਨੂੰ ਲੁਧਿਆਣਾ ਰੈਫਰ ਕਰ ਦਿੱਤਾ ਸੀ ਪਰ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਸ ਦੀ ਲੁਧਿਆਣਾ ਵਿਖੇ ਮੌਤ ਹੋ ਗਈ।

ਲੁਧਿਆਣਾ ਵਿੱਚ ਵਿੱਕੀ ਸੁਨਿਆਰੇ ਦੀ ਹੋਈ ਮੌਤ ਦੀ ਖਬਰ ਸੁਣਦਿਆਂ ਹੀ ਸਰਾਫ਼ਾ ਬਾਜ਼ਾਰ ਯੂਨੀਅਨ ਦੇ ਪ੍ਰਧਾਨ ਬਲਬੀਰ ਸਿੰਘ ਰਾਮੂੰਵਾਲੀਆ ਅਤੇ ਸਕੱਤਰ ਯਸ਼ਪਾਲ ਪਾਲੀ ਦੀ ਅਗਵਾਈ ਵਿਚ ਮੋਗਾ ਦੇ ਬਾਜ਼ਾਰ ਬੰਦ ਕਰਕੇ ਭਰਾਤਰੀ ਜੱਥੇਬੰਧੀਆਂ ਦੇ ਸਹਿਯੋਗ ਨਾਲ ਉਨ੍ਹਾਂ ਨੇ ਸ਼ਾਮਲਾਲ ਚੌਂਕ ਵਿਚ ਧਰਨਾ ਦੇ ਦਿੱਤਾ। ਧਰਨਾਕਾਰੀ ਕਾਤਲਾਂ ਨੂੰ ਤੁਰੰਤ ਗ੍ਰਿਫਤਾਰ ਕਰਨ ਦੀ ਮੰਗ ਕਰ ਰਹੇ ਹਨ ਅਤੇ ਸ਼ਹਿਰ ਵਿੱਚ ਵੱਧ ਰਹੀ ਗੁੰਡਾਗਰਦੀ ਦੇ ਖਿਲਾਫ ਨਾਅਰੇ ਲਗਾਉਦੇ ਹੋਏ ਭਗਵੰਤ ਮਾਨ ਸਰਕਾਰ ਨੂੰ ਦੋਸ਼ੀ ਮੰਨ ਰਹੇ ਹਨ।

'ਮਹਿਕ ਵਤਨ ਦੀ ਲਾਈਵ' ਬਿਓਰੋ (ਮਾਸਿਕ ਮੈਗਜੀਨ, ਰੋਜ਼ਾਨਾ ਆਨਲਾਈਨ ਅਖਬਾਰ ਅਤੇ ਵੈੱਬ ਟੀਵੀ) ਵਾਸਤੇ ਹਰ ਏਰੀਏ ਤੋਂ

ਪੱਤਰਕਾਰਾਂ ਦੀ ਜ਼ਰੂਰਤ ਹੈ

ਪੱਤਰਕਾਰ ਬਣਨ ਦੇ ਚਾਹਵਾਨ ਲੜਕੇ-ਲੜਕੀਆਂ ਜਲਦੀ ਸੰਪਰਕ ਕਰੋ।




Help Line: (+91) 9988 92 9988 * E-Mail: mehakwattandi@rediffmail.com




# ਸਾਧਣੀ ਦੇ ਡੇਰੇ ਦੁਪਹਿਰੇ ਦੁੱਧ ਰਿੜਕੇ

ਹਰਪਿੰਦਰ ਰਾਣਾ

ਸਾਡੇ ਸੱਭਿਆਚਾਰ ਦੇ ਲੋਕ ਗੀਤਾਂ ਵਿਚਲੇ ਵਿਆਹ ਵਾਲਾ ਰੰਗ ਹੁਣ ਭਾਵੇਂ ਪੈਲੇਸ ਸੱਭਿਆਚਾਰ ਦੀ ਭੇਂਟ ਚੜ੍ਹ ਚੁੱਕਿਆ ਹੈ ਪ੍ਰੰਤੂ ਹਾਲੇ ਵੀ ਮਾਲਵੇ ਦੇ ਕਈ ਪਿੰਡਾਂ ਵਿਚ ਕੋਈ ਨਾ ਕੋਈ ਪੁਰਾਣੀ ਝਲਕ ਵੇਖਣ ਨੂੰ ਮਿਲ ਜਾਂਦੀ ਹੈ। ਜਦੋਂ ਔਰਤਾਂ ਬਾਰਾਤ ਨਾਲ ਨਹੀਂ ਸਨ ਜਾਂਦੀਆਂ ਤਾਂ ਬਾਰਾਤ ਢੁੱਕਣ ਤੋਂ ਬਾਅਦ ਖਾ ਪੀ ਕੇ ਵਿਹਲੀਆਂ ਹੋਈਆਂ ਨਾਨਕੀਆਂ ਸਾਧ-ਸਾਧਣੀ ਦਾ ਸਾਂਗ ਬਣਾ ਕੇ ਸਾਰੇ ਪਿੰਡ ਵਿਚ ਗੇੜਾ ਦਿੰਦੀਆਂ ਸਨ ਅਤੇ ਸ਼ਰੀਕੇ ਦੇ ਘਰਾਂ ਵਿਚ ਜਾਂਦੀਆਂ ਅਤੇ ਗਿੱਧਾਂ ਪਾ ਕੇ ਖ਼ੂਬ ਰੰਗ ਬੰਨ੍ਹ ਦਿੰਦੀਆਂ ਸਨ ਇਸ ਤਰ੍ਹਾਂ ਵਿਆਹ ਸਾਰੇ ਪਿੰਡ ਵਿਚ ਹੀ ਹੁੰਦਾ ਸੀ।

ਸਾਧ ਦਾ ਸਾਂਗ ਕਰਨ ਵਾਲੀ ਮੇਲਣ ਫੁਲਕਾਰੀ ਦੀ ਗਿਲਤੀ ਮਾਰ ਕੇ, ਨਕਲੀ ਦਾੜ੍ਹੀ-ਮੁੱਛਾਂ ਲਾ ਕੇ ਗਲ ਵਿਚ ਕੋਈ ਮਾਲਾ ਪਾ ਕੇ ਸਿਰ ਤੇ ਪੱਗ ਦਾ ਮੜ੍ਹਾਸਾ ਜਿਹਾ ਮਾਰ ਲੈਂਦੀ ਅਤੇ ਸਾਧਣੀ ਦਾ ਸਾਂਗ ਕਰਨ ਵਾਲੀ ਮੇਲਣ ਵੀ ਆਪਣੇ ਵਾਲ ਖੋਲ੍ਹ ਕੇ ਮੋਢਿਆਂ 'ਤੇ ਖਿਲਾਰ ਲੈਂਦੀ। ਉਵੇਂ ਹੀ ਫੁਲਕਾਰੀ ਦੀ ਗਿਲਤੀ ਜਿਹੀ ਮਾਰ ਲੈਂਦੀ ਅਤੇ ਹੱਥ ਵਿਚ ਚਿਮਟਾ ਚੁੱਕ ਲੈਂਦੀ। ਬਾਕੀ ਦੀਆਂ ਮੇਲਣਾ ਮਗਰ ਮਗਰ ਤੁਰ ਪੈਂਦੀਆਂ ਤੇ ਫਿਰ ਹੋ ਜਾਂਦਾ ਸ਼ੁਰੂ ਪੰਜਾਬੀ ਲੋਕ ਰੰਗ:-

**ਸਾਧ ਜਟੂਰੀਆਂ ਵਾਲੇ ਬਿੱਲੋ ਨੀ ਤੇਰੇ ਬਾਰ ਖੜੇ।**
**ਸਾਧਾਂ ਨੂੰ ਭਿੱਛਿਆ ਪਾ ਦੇ ਸਾਧੂ ਨੀ ਤੇਰੇ ਬਾਰ ਖੜ੍ਹੇ।**

ਬਾਕੀ ਮੇਲਣਾਂ ਗੀਤ ਨੂੰ ਲੈਅ ਨਾਲ ਚੁੱਕਦੀਆਂ ਤਾਂ ਘਰਾਂ ਦੀਆਂ ਤ੍ਰੀਮਤਾਂ ਵੀ ਬੂਹਿਆਂ ਆ ਖੜ੍ਹਦੀਆਂ। ਕੋਈ ਮਨਚਲੀ ਜੇਕਰ ਫਿਕਰਾ ਕੱਸਦੀ, "ਨੀ ਕੀ ਮੰਗਦੇ ਆ ਸਾਧ ਜਟੂਰੀਆਂ ਕੜਕਦਾਰ ਜਵਾਬ ਦਿੰਦਿਆਂ :-

**ਕਣਕ ਨੀ ਮੰਗਦੇ ਛੋਲੇ ਨੀ ਮੰਗਦੇ**
**ਬੇਬੇ ਦੀ ਭਿਛਿਆ ਪਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਤੇ ਜਾਂ ਫਿਰ ਹੋਰ ਕੋਈ ਜਵਾਬ ਦਿੰਦੀ।

**ਆਉਂਦੀ ਕੁੜੀਏ, ਜਾਂਦੀ ਕੁੜੀਏ,**
**ਸਾਧਾਂ ਨੂੰ ਭਿੱਛਿਆ ਪਾ ਦੇ**
**ਕਣਕ ਨਹੀਂ ਮੰਗਦੇ ਛੋਲੇ ਨੀ ਮੰਗਦੇ**
**ਭੈਣਾਂ ਦੀ ਬਾਂਹ ਫੜਾ ਦੇ**
**ਸਾਧੂ ਨੀ ਤੇਰੇ ਬਾਰ ਖੜੇ।**

ਸ਼ਰੀਕੇ ਵਾਲੇ ਘਰ ਅਕਸਰ ਦਾਦਕਾਵਾਂ ਮੇਲ ਵਿਚ ਗਿਣੇ ਜਾਂਦੇ, ਇਨ੍ਹਾਂ ਦੇ ਘਰਾਂ ਵਿਚ ਸਾਧ-ਸਾਧਣਾ ਜਾਂਦੇ। ਉਹ ਔਰਤਾਂ ਵੀ ਅੱਗੋਂ ਬੋਲੀਆਂ ਵਿਚ ਹੀ ਮੋੜ ਜਵਾਬ ਦਿੰਦੀਆਂ :

**ਸਾਧਾ ਵੇ ਤੇਰੀ ਸਾਧਣੀ ਪਕੌੜਿਆਂ ਪਿੱਛੇ ਰੁੱਸੀ**
**ਸਾਧਾ ਵੇ ਤੇਰੀ ਸਾਧਣੀ।**

ਤੇ ਜਾਂ ਫਿਰ ਨਾਨਕੇ ਮੇਲ ਦੀ ਸਾਧ-ਸਾਧਣੀ ਵੱਲੋਂ ਪਾਈ ਕਿਸੇ ਚੁੱਭਵੀਂ ਬੋਲੀ ਦੇ ਬਵਾਜ ਵਿਚ ਕਹਿੰਦੀਆਂ :

**ਕਿੱਥੇ ਜਾਏਗਾ ਬੁਬਨਿਆ ਸਾਧਾ**
**ਵੇ ਛੇੜ ਕੇ ਭਰਿੰਡ ਰੰਗੀਆਂ।**

ਪਰ ਸਾਂਗਧਾਰੀ ਮੇਲਣਾ ਕਿਹੜਾ ਕਿਸੇ ਤੋਂ ਘੱਟ ਹੁੰਦੀਆਂ ਹਨ। ਉਹ ਵੀ ਘੜੇ ਘੜਾਏ ਜਵਾਬ ਦਿੰਦੀਆਂ:

**ਜੇ ਕੁੜੀਏ ਤੈਨੂੰ ਨੱਚਣਾ ਨੀ ਆਉਂਦਾ**
**ਗੁੜ ਦੀ ਵੰਡ ਦੇ ਭੇਲੀ**
**ਨੱਚਣਾ ਸਿਖਾ ਦਿਆਂਗੇ ਬਣ ਜਾ ਸਾਧ ਦੀ ਚੇਲੀ।**

ਪਰ ਜ਼ਿਆਦਾਤਰ ਬੋਲੀਆਂ ਸਾਧ-ਸਾਧਣੀ 'ਤੇ ਹੀ ਪਾਈਆਂ ਜਾਂਦੀਆਂ ਜਿਵੇਂ:

**'ਵੇ ਸਾਧਾ ਪੀ ਲੈ ਕਮੰਡਲੀ ਸ਼ਰਬਤ ਦੀ।'**

ਸਾਧਣੀ ਬਣੀ ਮੇਲਣ ਬੋਲੀ ਪਾਉਂਦੀ-

**ਜਿੱਦੋਂ ਦੀ ਮੈਂ ਹੋ ਗਈ ਸਾਧਣੀ**
**ਪਊਏ ਰੱਖਦੀ ਘੁੰਗਰਿਆਂ ਵਾਲੇ**
**ਬਈ ਜਿੱਦੋਂ ਦੀ ਮੈਂ ਹੋ ਗੀ ਸਾਧਣੀ।**

ਕਾਫੀ ਸੇਰ ਘਰਾਂ ਵਿਚ ਜਾਂਦੀਆਂ ਔਰਤਾਂ ਹਰ ਘਰ ਵਿਚ ਜਾ ਕੇ ਨਵੀਆਂ ਬੋਲੀਆਂ ਪਾਉਂਦੀਆਂ। ਇੰਝ ਲੱਗਦਾ ਜਿਵੇਂ ਉਨ੍ਹਾਂ ਦੇ ਅੰਦਰ ਬੋਲੀਆਂ ਦਾ ਦਰਿਆ ਵਗਦਾ ਹੋਵੇ। ਕਈ ਔਰਤਾਂ ਤਾਂ ਖੜ੍ਹੀਆਂ-ਖੜ੍ਹੀਆਂ ਹੀ ਬੋਲੀ ਜੋੜ ਲੈਂਦੀਆਂ ਜਿਵੇਂ :

**'ਸਾਧਣੀ ਦੇ ਡੇਰੇ, ਦੁਪਹਿਰੇ ਦੁੱਧ ਰਿੜਕੇ।**
**'ਸਾਧਣੀ ਦੇ ਡੇਰੇ, ਘਮ ਮਧਾਈ ਵੱਜੇ।**

ਤਾਂ ਸਾਰੇ ਗਰੁੱਪ ਵਿਚ ਹਾਸੜ ਮੱਚ ਜਾਂਦੀ। ਫਿਰਨੀ ਫਿਰਨੀ ਤੁਰਦੀਆਂ ਜਾਂ ਇਕ ਘਰ ਤੋਂ ਦੂਜੇ ਘਰ ਜਾਂਦੀਆਂ ਉਹ ਰਾਹ ਚਲਦਿਆਂ ਨੂੰ ਵੀ ਮਸ਼ਕਰੀਆਂ ਕਰਦੀਆਂ :

**ਕਹਿੰਦੇ ਪਿੰਡ ਬੜਾ ਸਰਦਾਰ**
**ਨੀ ਦਰਵਾਜ਼ਾ ਹੈ ਨੀ।**
**ਇਹ ਤਾਂ ਬਹਿਣ ਕੌਲਿਆਂ ਨਾਲ**
**ਨੀ ਦਰਵਾਜ਼ਾ ਹੈ ਨੀ।**

ਸਾਰੇ ਪਿੰਡ ਵਿਚ ਹਾਸੇ ਦੀਆਂ ਖਿੱਲਾਂ ਖਲਾਰਦਾ ਇਹ ਸਾਧ-ਸਾਧਣੀ ਦਾ ਗਰੁੱਪ ਟਿੱਚਰਾਂ ਕਰਦਾ ਤੁਰਿਆ ਜਾਂਦਾ। ਨੌਜਵਾਨਾਂ ਦੀ ਕੋਈ ਟੋਲੀ ਦੇਖ ਕੇ ਬੋਲੀ ਪਾ ਦਿੰਦਾ :

**ਸੱਚ ਦੇ ਬਚਨ ਵਿਚ ਦੋਹਣੇ**
**ਬਈ ਇਥੋਂ ਦਿਆਂ ਮੁੰਡਿਆਂ ਤੋਂ**
**ਸਾਡੀ ਕੁੱਤੀ ਦੇ ਕਤੂਰੇ ਸੋਹਣੇ।**

ਵਿਹਲੜ ਅਧਖੜਾਂ ਦੀ ਢਾਣੀ ਨੂੰ ਵੇਖ ਕੇ ਇਹ ਔਰਤਾਂ ਬੋਲੀ ਚੁੱਕਦੀਆਂ :

**ਆਉਂਦੀ ਕੁੜੀਏ ਜਾਂਦੀ ਕੁੜੀਏ**
**ਚੁੱਕ ਲਿਆ ਟੋਕਰਾ ਨੜਿਆਂ ਦਾ**
**ਕਿਥੇ ਲਾਹੇਂਗੀ, ਨੀ ਕਿੱਥੇ ਲਾਹੇਂਗੀ**
**ਇਹ ਪਿੰਡ ਛੜਿਆਂ ਦਾ।**

ਹਰ ਪਿੰਡ ਵਿਚ ਬਾਣੀਏ ਦੀ ਹੱਟੀ ਤਾਂ ਜ਼ਰੂਰ ਹੁੰਦੀ ਸੀ। ਬਾਣੀਏ ਦਾ ਜ਼ਿਕਰ ਖਾਸ ਕਰ ਲੋਕ ਗੀਤਾਂ ਤੇ ਲੋਕ ਬੋਲੀਆਂ ਵਿਚ ਜ਼ਰੂਰ ਆਉਂਦਾ:

**ਬੱਲੇ ਬੱਲੇ ਬਈ ਹੱਟੀ ਵਿਚ ਸ਼ੇਰ ਬਾਣੀਆ**
**ਬਾਹਰ ਨਿਕਲੇ ਗਿੱਦੜ ਬਣ ਜਾਵੇ।**

ਤੇ ਮਗਰੇ ਹੀ ਕੋਈ ਹੋਰ ਜਣਾ ਤੁਕ ਨਾਲ ਤੁਕ ਮਿਲਾ ਦਿੰਦੀ :

**ਸੱਚ ਦੇ ਬਚਨ ਵਿਚ ਆਨਾ**
**ਬਈ ਬਾਣੀਏ ਤੋਂ ਡੱਡ ਮਰਗੀ**
**ਹੁਣ ਕੌਣ ਭਰੂ ਹਰਜਨਾ।**

ਮਸਤ ਹੋਈਆਂ ਮੇਲਣਾ ਹਾਸੇ ਠੱਠੇ ਵਿਚ ਤਾਂ ਕਿਸੇ ਬਜ਼ੁਰਗ ਨੂੰ ਵੀ ਨਾ ਬਖਸ਼ਦੀਆਂ :

**ਡੋਲ ਖੂਹੀ ਤੋਂ ਲਿਆਂਦੇ ਭਰ ਕੇ**
**ਬੁੜ੍ਹੇ ਨੂੰ ਲੈ ਗੀ ਇੱਲ ਚੁੱਕ ਕੇ**
**ਬੁੜ੍ਹੀ ਵੇਖਦੀ ਮੱਥੇ 'ਤੇ ਹੱਥ ਧਰਕੇ।**

ਇਸ ਸਾਂਗ ਘਰ ਦੇ ਖਲਜਗਣਾਂ ਕੰਮਾਂ ਕਾਰਾਂ ਤੇ ਲਾਂਭੇ ਹੋ ਕੇ ਘਰ ਦੇ ਮਰਦਾਂ ਦੀ ਗੈਰ-ਹਾਜ਼ਰੀ ਵਿਚ ਔਰਤਾਂ ਲਈ ਚੰਗੇ ਸ਼ੁਗਲ ਮੇਲੇ ਦਾ ਸਾਧਨ ਵੀ ਸੀ।

ਪੰਜਾਬੀ ਵਿਰਾਸਤ, ਪੰਜਾਬੀ ਸੱਭਿਆਚਾਰ ਅਤੇ ਪੰਜਾਬੀ ਭਾਸ਼ਾ



## ਕੀ ਤੁਹਾਨੂੰ ਪਤਾ ਹੈ
## ਸਾਡਾ ਪੰਜਾਬੀ ਵਿਰਸਾ

011

ਪੇਸ਼ਕਸ਼: ਭਵਨਦੀਪ ਸਿੰਘ ਪੁਰਬਾ
(ਮੁੱਖ ਸੰਪਾਦਕ: 'ਮਹਿਕ ਵਤਨ ਦੀ ਲਾਈਵ' ਬਿਓਰੋ)



01. ਛੋਲਿਆਂ ਦੀਆਂ ਭੁੰਨੀਆਂ ਹਰੀਆਂ ਫਲੀਆਂ ਨੂੰ 'ਹੋਲਾਂ' ਕਹਿੰਦੇ ਹਨ।
02. 'ਖੱਖੜੀ' ਇਕ ਖਾਣ ਵਾਲੀ ਵਸਤੂ ਹੈ ਜੋ ਖਰਬੂਜੇ ਦੀ ਕਿਸਮ ਵਿਚੋਂ ਹੈ। ਇਸ ਦਾ ਆਕਾਰ ਲੰਬਾਈ ਵਿੱਚ ਹੁੰਦਾ ਹੈ।



03. ਸਮਾਨ ਜਾਂ ਰਾਸ਼ਨ ਦੀ ਸਮੱਗਰੀ ਨੂੰ 'ਰਸਦ' ਕਿਹਾ ਜਾਦਾ ਹੈ।
04. ਖਾਲਕ ਜਾਂ ਸ਼ੁਧ ਚੀਜ਼ ਨੂੰ 'ਨਿਰੋਲ' ਕਹਿੰਦੇ ਹਨ
05. ਖੀਰ ਅਤੇ ਚੌਲ ਆਦਿ ਬਣਾਉਣ ਸਮੇਂ ਜੋ ਭਾਂਡੇ ਦੇ ਨਾਲ ਲੱਗੀ ਰਹਿ ਜਾਦੀ ਹੈ ਉਸ ਖੁਰਚਨ ਨੂੰ 'ਘਰੋੜੀ' ਆਖਦੇ ਹਨ।
06. 'ਦਾਰੂ' ਸ਼ਬਦ ਦਵਾਈ ਲਈ ਵੀ ਵਰਤਿਆ ਜਾਦਾ ਹੈ ਅਤੇ ਦਾਰੂ ਸ਼ਰਾਬ ਨੂੰ ਵੀ ਕਿਹਾ ਜਾਦਾ ਹੈ।
07. ਪੀਸੀ ਹੋਈ ਦਵਾਈ ਨੂੰ 'ਫੱਕੀ' ਕਿਹਾ ਜਾਦਾ ਹੈ।
08. ਪਾਣੀ ਦੇ ਜ਼ੋਰ ਨਾਲ ਚੱਲਣ ਵਾਲੀ ਆਟਾ ਚੱਕੀ ਨੂੰ 'ਘਰਾਟ' ਕਹਿੰਦੇ ਹਨ।
09. ਸਾਗ ਵਿਚ ਪਾਇਆ ਜਾਣ ਵਾਲਾ ਮੱਕੀ ਦਾ ਆਟਾ ਜਿਸ ਨਾਲ ਸਾਗ ਵਧੀਆ ਘੁਲ ਜਾਂਦਾ ਹੈ ਉਸ ਨੂੰ 'ਆਲਣ' ਕਹਿੰਦੇ ਹਨ।



10. ਜੋ ਪਸ਼ੂ ਦੁੱਧ ਦਿੰਦਾ ਹੈ ਉਸ ਨੂੰ ਲਵੇਰਾ ਕਿਹਾ ਜਾਦਾ ਹੈ।

ਸਾਡੇ ਇਸ ਕਾਲਮ ਪ੍ਰਤੀ ਰਾਇ/ ਸਲਾਹ ਜਾਂ ਕੋਈ ਵਿਚਾਰ ਭੇਜਣ ਲਈ ਈ-ਮੇਲ ਅਤੇ ਵਟਸਐਪ ਨੰਬਰ

E-mail: mehakwattandi@rediffmail.com, Help Line: (+91)-9988-92-9988

ਰਹਿਮਤ ਪੀ ਵੀ ਸੀ

ਲੂਵਰ, ਫਲੋਰਮੈਟ ਵਾਲਪੇਪਰ ਨਵੇਂ-ਨਵੇਂ
ਰੰਗਾਂ ਅਤੇ ਵਧੀਆ ਕੁਵਾਲਟੀ ਵਿੱਚ
ਹੋਲ ਸੇਲ ਰੇਟਾਂ ਤੇ ਮਿਲਦੇ ਹਨ



ਨੋਟ :- ਕਾਰੀਗਰਾਂ ਦਾ ਖਾਸ ਪ੍ਰਬੰਧ ਹੈ

ਨੇੜੇ ਖੰਨਾ ਹਸਪਤਾਲ ਅੰਮ੍ਰਿਤਸਰ ਰੋਡ ਮੋਗਾ
ਸੰਪਰਕ: 94642-20270, 85228-00001

# ਅਮਿੱਟ ਛਾਪ ਛੱਡ ਗਈ 'ਬਾਜ਼ੀ' ਪਿੰਡ ਬਹੋਨੇ ਦੀ

## ਸਾਨੂੰ ਪੁਰਾਤਣ ਰਿਵਾਇਤੀ ਖੇਡਾ ਨਾਲ ਜੁੜਨਾ ਚਾਹੀਦਾ ਹੈ -ਹਰਭਜਨ ਸਿੰਘ ਬਹੋਨਾ



ਮਗਾ/ਮਈ 2023/ ਮਵਦਾਂਲ ਬਿਓਰ

ਬੀਤੇ ਦਿਨੀ ਮੋਗਾ ਦੇ ਨਾਲ ਲੱਗਦੇ ਪਿੰਡ ਬਹੋਨਾ ਵਿਖੇ ਪੁਰਾਤਣ ਅਤੇ ਰਿਵਾਇਤੀ ਖੇਡਾਂ ਨੂੰ ਉਤਸਾਹਿਤ ਕਰਨ ਦੇ ਉਪਰਾਲੇ ਨਾਲ ਪਿੰਡ ਵਿੱਚ ਬਜ਼ੀਗਰ ਜੋਗਿੰਦਰ ਸਿੰਘ ਭਾਗੋਕੇ ਜ਼ਿਲ੍ਹਾ ਫਿਰੋਜ਼ਪੁਰ ਦੀ ਟੀਮ ਵੱਲੋਂ ਬਾਜ਼ੀ ਪਵਾਈ ਗਈ ਜਿਸ ਦਾ ਆਯੋਜਿਨ ਉੱਘੇ ਸਮਾਜ ਸੇਵਕ ਸਰਪੰਚ ਹਰਭਜਨ ਸਿੰਘ ਬਹੋਨਾ, ਮੌਜੂਦਾ ਸਰਪੰਚ ਅਤੇ ਪਿੰਡ ਦੀ ਪੰਚਾਇਤ ਵੱਲੋਂ ਕੀਤਾ ਗਿਆ। ਇਸ 'ਬਾਜ਼ੀ' ਵਿੱਚ ਬਜ਼ੀਗਰਾਂ ਵੱਲੋਂ ਲੰਮੀ ਛਾਲ, ਗਲ ਨਾਲ ਲੋਹੇ ਦਾ ਸਰੀਆ ਮੋੜਨਾ, ਛੋਟੇ ਜਿਹੇ ਲੋਹੇ ਦੇ ਗੋਲ ਤਿੰਨ ਵਿਅਕਤੀਆ ਦੇ ਲੰਘਣਾ, ਦੰਦਾ ਨਾਲ ਭਾਰਾ ਗਾਡਰ ਚੁੱਕਣਾ ਅਤੇ ਮੰਜੀ ਦੇ ਉਪੱਰ ਦੀ ਉੱਚੀ ਛਾਲ 'ਬਜ਼ੀ ਪਾਉਣਾ' ਆਦਿ ਕਰਤੱਬ ਵਿਖਾਉਦੇ ਹੋਏ ਨਾਲ-ਨਾਲ ਖੂਬ ਹਾਸਾ-ਠੱਠਾ ਕਰਦੇ ਹੋਏ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ ਗਿਆ। ਇਸ ਮੌਕੇ ਇਕੱਤਰ ਹੋਏ ਪੁਰਾਤਨ ਖੇਡ ਪ੍ਰੇਮੀਆਂ ਨੂੰ ਸੰਬੋਧਨ ਕਰਦਿਆ ਸਾਬਕਾ ਸਰਪੰਚ ਹਰਭਜਨ ਸਿੰਘ ਬਹੋਨਾ ਨੇ ਕਿਹਾ ਕਿ ਸਾਨੂੰ ਆਪਣੀਆਂ ਪੁਰਾਤਣ ਰਿਵਾਇਤੀ ਖੇਡਾ ਨਾਲ ਜੁੜਨਾ ਚਾਹੀਦਾ ਹੈ।

ਇਸ 'ਬਜ਼ੀ' ਵਿੱਚ ਪੁਰਾਤਣ ਅਤੇ ਰਿਵਾਇਤੀ ਖੇਡਾ ਨੂੰ ਵੇਖਣ ਅਤੇ ਇਨ੍ਹਾਂ ਦੀ ਪ੍ਰਫੁਲਤਾਂ ਵਿੱਚ ਯੋਗਦਾਨ ਪਾਉਣ ਦੇ ਉਪਰਾਲੇ ਲਈ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ, ਉੱਘੀ ਲੇਖਿਕਾਂ ਬਲਜਿੰਦਰ ਕੌਰ ਕਲਸੀ, ਕੁਲਦੀਪ ਸਿੰਘ ਦੌਧਰ, ਆਰਟਿਸਟ ਗੁਰਪ੍ਰੀਤ ਸਿੰਘ ਕੋਮਲ, ਸਰਪੰਚ ਚਰਨਜੀਤ ਕੌਰ, ਸਮਾਜ ਸੇਵੀ ਮਹਿੰਦਰਪਾਲ ਲੂੰਬਾ, ਗੁਰਸੇਵਕ ਸਿੰਘ ਸੰਨਿਆਸੀ, ਸੁਖਦੇਵ ਸਿੰਘ ਬਰਾੜ, ਦਵਿੰਦਰਜੀਤ ਸਿੰਘ ਗਿੱਲ, ਬਲਰਾਜ ਸਿੰਘ ਗਿੱਲ, ਰਾਜ ਕੁਮਾਰ, ਗੁਰਮੇਲ ਸਿੰਘ ਪ੍ਰਧਾਨ, ਅਜੈਬ ਸਿੰਘ ਮਿਸਤਰੀ, ਪਰਮਜੀਤ ਸਿੰਘ, ਸੁਖਦੇਵ ਸਿੰਘ ਫੌਜੀ, ਦਿਲਬਾਗ ਸਿੰਘ ਬਹਿਰੀਨ, ਨਛੱਤਰ ਸਿੰਘ ਦਵਾਈਆਂ ਵਾਲ, ਸੰਤੋਖ ਸਿੰਘ ਨੈਸਲੇ ਮੋਗਾ, ਹਰੀਸ਼ ਰਹੇਜਾ ਮੋਗਾ, ਕੈਪਟਨ ਬਖਸ਼ੀਸ ਸਿੰਘ, ਬੂਟਾ ਸਿੰਘ ਬਿਜਲੀ ਵਾਲਾ, ਰਿਟਾ. ਇੰਸ ਬਿੱਕਰ ਸਿੰਘ ਮੋਗਾ, ਡਾ. ਬਲਵਿੰਦਰ ਸਿੰਘ ਸੇਖਾ, ਡਾ. ਪਰਮਿੰਦਰ ਸਿੰਘ ਮਿੱਠੂ, ਮਾਸਟਰ ਭੁਪਿੰਦਰ ਸਿੰਘ, ਐਨ.ਜੀ.ਓ. ਜਸਵੀਰ ਕੌਰ ਬੁੱਘੀਪੁਰਾ, ਪਿੰਡ ਨਿਵਾਸੀ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਹਾਜਰ ਹੋਏ।

ਏਕਮ ਟਿਊਸ਼ਨ ਸੈਂਟਰ
EKAM Tution Center
All Subject of Nursury to 8 th Classes
ਪੰਜਾਬੀ, ਹਿੰਦੀ ਅਤੇ ਅੰਗਰੇਜੀ ਮੀਡੀਅਮ
Contact:
98141-21463, 96460-21463

# 'ਮਹਿਕ ਵਤਨ ਦੀ ਫਾਉਂਡੇਸ਼ਨ' ਵੱਲੋਂ ਸ. ਦਰਸ਼ਨ ਸਿੰਘ ਬਰਾੜ ਯਾਦਗਾਰੀ ਲਾਇਬ੍ਰੇਰੀ ਲਈ 51 ਪੁਸਤਕਾਂ ਭੇਂਟ

## ਜਲਦੀ ਹੀ ਹੋਵੇਗੀ ਵਿਸ਼ਾਲ ਯਾਦਗਾਰੀ ਲਾਇਬ੍ਰੇਰੀ ਦੀ ਸਥਾਪਨਾ -ਡਾ. ਸਰਬਜੀਤ ਕੌਰ ਬਰਾੜ



ਮੋਗਾ/ 'ਇਕਬਾਲ ਸਿੰਘ ਖੋਸਾ

ਖੂਨੀ ਮਸੀਤ ਰੋਡ ਮੋਗਾ ਵਿਖੇ ਸਮਾਜ ਸੇਵੀ ਡਾ. ਸਰਬਜੀਤ ਕੌਰ ਬਰਾੜ ਦੀ ਸੁਪਰਸਤੀ ਵਿੱਚ ਉੱਘੇ ਸਮਾਜ ਸੇਵੀ ਸਵ. ਸਰਦਾਰ ਦਰਸ਼ਨ ਸਿੰਘ ਬਰਾੜ ਯਾਦਗਾਰੀ ਵਿਸ਼ਾਲ ਲਾਇਬ੍ਰੇਰੀ ਦੀ ਸਥਾਪਨਾ ਹੋ ਰਹੀ ਹੈ। ਇਸ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਲਾਇਬ੍ਰੇ ਰੀ ਦੇ ਸੰਚਾਲਕ ਡਾ. ਸਰਬਜੀਤ ਕੌਰ ਬਰਾੜ ਨੇ ਦੱਸਿਆ ਕਿ ਜਲਦੀ ਹੀ ਸਵ. ਸਰਦਾਰ ਦਰਸ਼ਨ ਸਿੰਘ ਬਰਾੜ ਯਾਦਗਾਰੀ ਵਿਸ਼ਾਲ ਲਾਇਬ੍ਰੇਰੀ ਦੀ ਸਥਾਪਨਾ ਹੋ ਰਹੀ ਹੈ ਜਿਸ ਵਾਸਤੇ ਪੰਜਾਬ ਦੇ ਕਈ ਨਾਮਵਰ ਲੇਖਕਾਂ ਅਤੇ ਪ੍ਰਕਾਸ਼ਕਾਂ ਵੱਲੋਂ ਪੁਸਤਕਾਂ ਲਾਇਬ੍ਰੇਰੀ ਵਾਸਤੇ ਪਹੁੰਚ ਰਹੀਆਂ ਹਨ। ਇਸੇ ਸਬੰਧ ਵਿੱਚ ਸਾਡੇ ਜਿਲ੍ਹੇ ਦੀ ਨਾਮਵਰ ਸੰਸਥਾ 'ਮਹਿਕ ਵਤਨ ਦੀ' ਫਾਉਡੇਸ਼ਨ ਵੱਲੋਂ 51 ਪੁਸਤਕਾਂ ਲਾਇਬ੍ਰੇਰੀ ਨੂੰ ਭੇਂਟ ਕੀਤੀਆਂ ਗਈਆਂ ਹਨ। ਇਹ ਪੁਸਤਕਾਂ ਨੂੰ 'ਮਹਿਕ ਵਤਨ ਦੀ' ਫਾਉਡੇਸ਼ਨ ਦੇ ਚੇਅਰਮੈਨ ਭਵਨਦੀਪ ਸਿੰਘ ਪੁਰਬਾ, ਐਡਜਕਟਿਵ ਮੈਂਬਰ ਮਨਮੋਹਨ ਸਿੰਘ ਚੀਮਾ, ਸਮਾਜ ਸੇਵੀ ਮਹਿੰਦਰਪਾਲ ਲੂੰਬਾ, ਗੁਰਸੇਵਕ ਸਿੰਘ ਸੰਨਿਆਸੀ ਨੇ ਮੈਡਮ ਬਰਾੜ ਨੂੰ ਭੇਂਟ ਕੀਤੀਆਂ।

ਇਸ ਸਬੰਧ ਵਿੱਚ 'ਮਹਿਕ ਵਤਨ ਦੀ' ਗਰੁੱਪ ਦੇ ਮੁੱਖੀ ਭਵਨਦੀਪ ਸਿੰਘ ਪੁਰਬਾ ਨੇ ਕਿਹਾ ਕਿ ਸਾਡੇ ਬੱਚੇ ਦਿਨੋ-ਦਿਨ ਸਾਹਿਤ ਨਾਲੋਂ ਟੁੱਟ ਰਹੇ ਹਨ। ਬੱਚਿਆਂ ਨੂੰ ਸਾਹਿਤ ਪੜ੍ਹਨ ਲਈ ਪ੍ਰੇਰਿਤ ਕਰਨਾ ਸਮੇਂ ਦੀ ਮੁੱਖ ਮੰਗ ਹੈ ਇਸ ਕਾਰਜ ਵਾਸਤੇ ਡਾ. ਸਰਬਜੀਤ ਕੌਰ ਬਰਾੜ ਵੱਲੋਂ ਵਿਸ਼ਾਲ ਲਾਇਬ੍ਰੇਰੀ ਦੀ ਸਥਾਪਨਾ ਕਰਨਾ ਸਲਾਘਾਯੋਗ ਕਾਰਜ ਹੈ ਇਸ ਕਾਰਜ ਵਿੱਚ ਸਾਡੀ 'ਮਹਿਕ ਵਤਨ ਦੀ' ਫਾਉਡੇਸ਼ਨ ਅਤੇ ਸਾਡੀ ਐਨ.ਜੀ.ਓ. ਵੱਲੋਂ ਮੈਡਮ ਡਾ. ਬਰਾੜ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

ਉਨ੍ਹਾਂ ਦੱਸਿਆ ਕਿ ਅੱਜ ਲਾਇਬ੍ਰੇਰੀ ਦੀ ਸਥਾਪਨਾ ਦੇ ਸਬੰਧ ਵਿੱਚ ਉੱਘੇ ਸਾਹਿਤਕਾਰ ਗੁਰਮੇਲ ਸਿੰਘ ਬੌਡੇ, ਸ. ਬਲਦੇਵ ਸਿੰਘ ਆਜਾਦ, ਮਾਸਟਰ ਆਤਮਾ ਸਿੰਘ ਚੜਿੱਕ, ਸਵ. ਢਾਡੀ ਸਾਧੂ ਸਿੰਘ ਧੰਮੂ, ਬਲਵਿੰਦਰ ਸਿੰਘ ਚਾਨੀ, ਖੇਡ ਲੇਖਕ ਜਗਦੇਵ ਬਰਾੜ ਅਤੇ ਹੋਰ ਕਈ ਨਾਮਵਰ ਲੇਖਕਾਂ ਦੀਆਂ 51 ਪੁਸਤਕਾਂ ਭੇਂਟ ਕੀਤੀਆਂ ਗਈਆਂ ਹਨ। ਆਉਣ ਵਾਲੇ ਸਮੇਂ ਵਿੱਚ ਵੀ ਸਾਡੇ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਅਤੇ ਮਾਸਿਕ ਮੈਗਜੀਨ 'ਮਹਿਕ ਵਤਨ ਦੀ ਲਾਈਵ' ਨਿਰੰਤਰ ਇਸ ਲਾਇਬ੍ਰੇਰੀ ਵਾਸਤੇ ਪਹੁੰਚਦਾ ਰਹੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਹਰਪ੍ਰੀਤ ਸਿੰਘ ਹੈਪੀ ਅਤੇ ਹੋਰ ਪਤਵੰਤੇ ਵੀ ਹਾਜਰ ਸਨ।

# ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ਼ ਐਸੋਸੀਏਸ਼ਨ ਸ਼ਹਿਰੀ ਯੂਨਿਟ ਮੋਗਾ ਵੱਲੋਂ ਮੈਂਬਰ ਪਾਰਲੀਮੈਂਟ ਮੁਹੱਮਦ ਸਦੀਕ ਨਾਲ ਖਾਸ ਮੀਟਿੰਗ

## ਰੂਰਲ ਐਨ.ਜੀ.ਓ. ਦੀ ਡਾਇਰੀ ਅਤੇ ਡਾ. ਐਸ ਪੀ ਸਿੰਘ ਉਬਰਾਏ ਜੀ ਦਾ ਸੋਵੀਨਾਰ ਕੀਤਾ ਭੇਟ



ਮੋਗਾ/ ਇਕਬਾਲ ਖੋਸਾ

ਹਲਕਾ ਫਰੀਦਕੋਟ ਤੋਂ ਮੈਂਬਰ ਆਫ ਪਾਰਲੀਮੈਂਟ ਸ਼੍ਰੀ ਮੁਹੱਮਦ ਸਦੀਕ ਇੱਕ ਖਾਸ ਪ੍ਰੋਗਰਾਮ ਤੇ ਮੋਗਾ ਦੇ ਗੋਧੇਵਾਲਾ ਸਟੇਡੀਅਮ ਵਿਖੇ ਹਾਜਰ ਹੋਏ ਜਿਥੇ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਸ਼ਹਿਰੀ ਯੂਨਿਟ ਮੋਗਾ ਵੱਲੋਂ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ ਅਤੇ ਸ਼ਹਿਰੀ ਯੂਨਿਟ ਮੋਗਾ ਦੇ ਪ੍ਰਧਾਨ ਸੁਖਦੇਵ ਸਿੰਘ ਬਰਾੜ (ਰਿਟਾਇਰਡ ਡੀ.ਐਸ.ਪੀ.) ਵੱਲੋਂ ਉਨ੍ਹਾਂ ਨਾਲ ਇੱਕ ਖਾਸ ਮੁਲਾਕਾਤ ਕੀਤੀ ਗਈ। ਭਵਨਦੀਪ ਸਿੰਘ ਪੁਰਬਾ ਅਤੇ ਸੁਖਦੇਵ ਸਿੰਘ ਬਰਾੜ ਵੱਲੋਂ ਮੈਂਬਰ ਆਫ ਪਾਰਲੀਮੈਂਟ ਸ਼੍ਰੀ ਮੁਹੱਮਦ ਸਦੀਕ ਜੀ ਨਾਲ ਉੱਘੇ ਸਮਾਜ ਸੇਵੀ ਡਾ. ਐਸ ਪੀ ਸਿੰਘ ਉਬਰਾਏ ਜੀ ਦੀ ਸੁਪਰਸਤੀ ਹੇਠ ਚੱਲ ਰਹੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੀ ਮੋਗਾ ਇਕਾਈ ਅਤੇ ਜਿਲ੍ਹਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਮੋਗਾ ਵੱਲੋਂ ਕੀਤੀਆਂ ਜਾ ਰਹੀਆ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।

ਇਸ ਮੌਕੇ ਮੋਜੂਦ ਟਰੱਸਟੀਆ ਅਤੇ ਐਨ.ਜੀ.ਓ. ਦੇ ਅਹੁੱਦੇਦਾਰਾ ਨੇ ਸ਼੍ਰੀ ਮੁਹੱਮਦ ਸਦੀਕ ਜੀ ਨੂੰ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਦੀ ਡਾਇਰੀ ਅਤੇ ਡਾ. ਐਸ ਪੀ ਸਿੰਘ ਉਬਰਾਏ ਜੀ ਦੀਆਂ ਗਤੀਵਿਧੀਆ ਦਾ ਸੋਵੀਨਾਰ ਵੀ ਭੇਟ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰੂਰਲ ਐਨ.ਜੀ.ਓ. ਕਲੱਬਜ ਐਸੋਸੀਏਸ਼ਨ ਦੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ, ਨਹਿਰੂ ਯੁਵਾ ਕੇਦਰ ਤੋਂ ਗੁਰਵਿੰਦਰ ਸਿੰਘ, ਮੇਜਰ ਪ੍ਰਦੀਪ, ਐਨ.ਜੀ.ਓ. ਕੋਆਡੀਨੇਸ਼ਨ ਕਮੇਟੀ ਦੇ ਪ੍ਰਧਾਨ ਗੁਰਸੇਵਕ ਸਿੰਘ ਸੰਨਿਆਸੀ, ਪ੍ਰਸਿੱਧ ਸਾਹਿਤਕਾਰ ਸੁਰਜੀਤ ਦੌਧਰ ਆਦਿ ਮੁੱਖ ਤੌਰ ਤੇ ਹਾਜਰ ਸਨ।

# 'ਪੀਘਾਂ ਸੋਚ ਦੀਆਂ' ਸਾਹਿਤਕ ਮੰਚ ਅਸਟ੍ਰੇਲੀਆਂ ਵੱਲੋਂ ਸਿੱਖੀ ਵਿੱਚ ਪ੍ਰਪੱਕ ਸਰਕਾਰੀ ਹਾਈ ਸਕੂਲ ਬਹੋਨਾ ਦੇ ਬੱਚਿਆਂ ਨੂੰ ਦਸਤਾਰਾ ਭੇਟ

## ਸਾਨੂੰ ਮਾਣ ਹੈ ਕਿ ਖੇਡ ਟ੍ਰੈਲ ਵਿੱਚ ਚੁਣੇ ਗਏ 32 ਬੱਚਿਆਂ ਵਿਚੋਂ 11 ਇਕੱਲੇ ਸਰਕਾਰੀ ਹਾਈ ਸਕੂਲ ਬਹੋਨਾ ਪਿੰਡ ਦੇ ਹਨ -ਹਰਭਜਨ ਸਿੰਘ ਬਹੋਨਾ




ਮੋਗਾ/ ਮਵਦੀਲਾ ਬਿਓਰੋ

ਪੰਜਾਬ ਲੈਬਲ ਦੀ ਖੇਡ ਟ੍ਰੈਲ ਵਿੱਚ ਚੁਣੇ ਗਏ 32 ਬੱਚਿਆਂ ਵਿਚੋਂ 13 ਬੱਚੇ ਸਿਰਫ ਮੋਗਾ ਜਿਲ੍ਹੇ ਦੇ ਹਨ ਅਤੇ 11 ਬੱਚੇ ਸਿਰਫ ਇਕੱਲੇ ਸਰਕਾਰੀ ਹਾਈ ਸਕੂਲ ਬਹੋਨਾ ਪਿੰਡ ਦੇ ਹਨ, ਸਾਨੂੰ ਇਸ ਗੱਲ ਦਾ ਬਹੁੱਤ ਮਾਣ ਹੈ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਉੱਘੇ ਸਮਾਜ ਸੇਵਕ ਸਾਬਕਾਂ ਸਰਪੰਚ ਹਰਭਜਨ ਸਿੰਘ ਬਹੋਨਾ ਨੇ 'ਪੀਘਾਂ ਸੋਚ ਦੀਆਂ' ਸਾਹਿਤਕ ਮੰਚ ਅਸਟ੍ਰੇਲੀਆਂ ਵੱਲੋਂ ਸਿੱਖੀ ਵਿੱਚ ਪ੍ਰਪੱਕ ਸਰਕਾਰੀ ਹਾਈ ਸਕੂਲ ਬਹੋਨਾ ਦੇ ਬੱਚਿਆਂ ਨੂੰ ਭੇਜੀਆਂ ਗਈਆਂ ਦਸਤਾਰਾ ਭੇਂਟ ਕਰਨ ਮੌਕੇ ਕੀਤਾ। ਉਨ੍ਹਾਂ ਨੇ ਦੱਸਿਆ ਕਿ ਸਾਡੇ ਪਿੰਡ ਬਹੋਨਾ ਦਾ ਸਰਕਾਰੀ ਹਾਈ ਸਕੂਲ ਪੜਾਈ ਪੱਖੋ ਵੀ ਇਹ ਸਕੂਲ ਕਿਸੇ ਪਾਸਿਓ ਘੱਟ ਨਹੀਂ ਹੈ। ਸਾਡੇ ਸਕੂਲ ਦੇ ਪੰਜ ਬੱਚੇ ਮੈਰਿਟ ਵਿੱਚ ਆਏ ਹਨ ਅਤੇ ਚਾਰ-ਪੰਜ ਬੱਚਿਆਂ ਨੂੰ ਛੱਡ ਕੇ ਬਾਕੀ ਸਾਰੇ ਬੱਚਿਆਂ ਦੇ ਨੰਬਰ 60 ਪ੍ਰਤੀਸਤ ਤੋਂ ਉੱਪਰ ਹਨ। ਇਸ ਲਈ ਮੁੱਖ ਅਧਿਆਪਕ ਸ. ਗੁਰਸ਼ਰਨ ਸਿੰਘ ਰਖਰਾ ਅਤੇ ਸਾਰਾ ਸਟਾਫ ਵਧਾਈ ਦਾ ਪਾਤਰ ਹੈ।

ਇਸ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਹਰਭਜਨ ਸਿੰਘ ਬਹੋਨਾ ਨੇ ਦੱਸਿਆ ਕਿ ਸਿੱਖੀ ਦੀ ਪ੍ਰਫੁਲਤਾ ਵਿੱਚ ਯੋਗਦਾਨ ਪਾਉਣ ਵਾਲੇ ਬਹੋਨਾ ਪਿੰਡ ਦੇ ਐਨ.ਆਰ.ਆਈ. ਨੇ ਸਿੱਖੀ ਵਿੱਚ ਪ੍ਰਪੱਕ ਸਰਕਾਰੀ ਹਾਈ ਸਕੂਲ ਬਹੋਨਾ ਦੇ ਬੱਚਿਆਂ ਨੂੰ ਦਸਤਾਰਾ, ਸਕੂਲ ਬੈਗ ਅਤੇ ਸਟੇਸ਼ਨਰੀ ਦਾ ਸਮਾਨ ਭੇਜਿਆ ਹੈ ਜਿਸ ਨੂੰ ਵਿਦਿਆਰਥੀਆਂ ਦੇ ਸਪੁਰਦ ਕਰਨ ਲਈ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਰੱਖਿਆ ਗਿਆ। ਜਿਸ ਵਿੱਚ ਵੱਖ-ਵੱਖ ਬੁਲਾਰਿਆ ਨੇ ਬੱਚਿਆਂ ਨੂੰ ਸੰਬੋਧਨ ਕਰਕੇ ਸਿੱਖੀ, ਖੇਡਾ ਅਤੇ ਪੜਾਈ ਲਈ ਉਤਸਾਹਿਤ ਕੀਤਾ।

ਇਸ ਸਮਾਗਮ ਵਿੱਚ ਰੂਰਲ ਐਨ.ਜੀ.ਓ ਮੋਗਾ ਤੋਂ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਸਿਟੀ ਪ੍ਰਧਾਨ ਸ. ਸੁਖਦੇਵ ਸਿੰਘ ਬਰਾੜ, ਮੁੱਖ ਸਲਾਹਕਾਰ ਗੁਰਸੇਵਕ ਸਿੰਘ ਸੰਨਿਆਸੀ, ਆਰਟਿਸਟ ਗੁਰਪ੍ਰੀਤ ਸਿੰਘ ਕੋਮਲ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਹਾਜਰ ਹੋਏ। ਜਿਨ੍ਹਾਂ ਦਾ ਮੁੱਖ ਅਧਿਆਪਕ ਸ. ਗੁਰਸ਼ਰਨ ਸਿੰਘ ਰਖਰਾ ਅਤੇ ਸਾਬਕਾ ਸਰਪੰਚ ਹਰਭਜਨ ਸਿੰਘ ਬਹੋਨਾ ਵੱਲੋਂ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਉਪਰੋਕਤ ਤੋਂ ਇਲਾਵਾ ਮਾਸਟਰ ਭੁਪਿੰਦਰ ਸਿੰਘ, ਮਾਸਟਰ ਪਵਨ ਕੁਮਾਰ, ਗੁਰਵਿੰਦਰ ਸਿੰਘ ਸਰਪੰਚ ਬਲਰਾਜ ਸਿੰਘ, ਸੈਕਟਰੀ ਬਲਵਿੰਦਰ ਸਿੰਘ, ਸੈਕਟਰੀ ਬਲਤੇਜ ਸਿੰਘ, ਸੁਖਦੇਵ ਸਿੰਘ ਫੌਜੀ, ਸੁਰਜੀਤ ਸਿੰਘ, ਤੀਰਥ ਸਿੰਘ ਮੱਦੋਕੇ, ਕੁਲਦੀਪ ਸਿੰਘ ਦੌਧਰ, ਪ੍ਰੀਤਮ ਸਿੰਘ ਨਹਿੰਗ, ਗੁਰਸੇਵਕ ਸਿੰਘ, ਹਰਪ੍ਰੀਤ ਕੌਰ, ਕੁਲਦੀਪ ਕੌਰ, ਸ਼ਸ਼ੀ ਮੈਡਮ, ਪੁਨੀਤ ਸ਼ਰਮਾ, ਗੀਤਾ ਗੋਇਲ, ਦੀਪਕਾ ਮੈਡਮ, ਕੁਲਵਿੰਦਰ ਸਿੰਘ ਮਖਾਣਾ ਰਾਮੂੰਵਾਲਾ ਆਦਿ ਮੁੱਖ ਤੌਰ ਤੇ ਹਾਜਰ ਸਨ।

ਜੰਤਰੀਆਂ, ਕੈਲੰਡਰ, ਡਾਇਰੀਆਂ ਮੈਗਜ਼ੀਨ ਪੁਸਤਕਾਂ ਛਪਵਾਉਣ
ਅਤੇ
ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ ਐਡਵੋਟਾਈਜ਼ਮੈਂਟ ਕੰਪਨੀ (ਰਜਿ:)
Help Line: 9988-92-9988
E-mail: mehakwattandi@rediffmail.com * www.mehakwatandilive.com

# ਮੌੜ ਫਿਲਮ ਦੀ ਪ੍ਰਮੋਸ਼ਨ ਲਈ ਅਦਾਕਾਰ ਮਨਿੰਦਰ ਮੋਗਾ ਹੋਏ 'ਸਰਬੱਤ ਦਾ ਭਲਾ ਟਰੱਸਟ' ਦੇ ਵਿਦਿਆਰਥੀਆ ਦੇ ਰੂ-ਬਰੂ

## 'ਮੌੜ' ਫਿਲਮ ਦੇਖਕੇ ਵਿਦਿਆਰਥੀ ਪੰਜਾਬ ਦੇ ਨਾਈਕ ਜਿਉਣਾ ਮੌੜ ਦੀ ਜੀਵਨੀ ਬਾਰੇ ਸਹੀ ਜਾਣਕਾਰੀ ਹਾਸਿਲ ਕਰਨਗੇ -ਭਵਨਦੀਪ



ਮੋਗਾ/ ਇਕਬਾਲ ਸਿੰਘ ਖੋਸਾ

ਪਿਛਲੇ ਤਕਰੀਬਨ ਇੱਕ ਮਹੀਨਾ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਵੱਡੇ ਬੱਜਟ ਦੀ ਪੰਜਾਬੀ ਫਿਲਮ 'ਮੌੜ' ਦੀ ਪ੍ਰਮੋਸ਼ਨ ਵਾਸਤੇ ਪ੍ਰਡਕਸ਼ਨ ਟੀਮ ਆਪਣੇ ਰੋਲ ਮੁਤਾਬਕ ਡਾਕੂਆ ਅਤੇ ਅੰਗਰੇਜ ਸਰਕਾਰ ਦੇ ਸਿਪਾਹੀਆ ਦੀ ਵੇਸ-ਭੁਸਾ ਪਹਿਣ ਕੇ ਜਗ੍ਹਾ-ਜਗ੍ਹਾ ਫਿਲਮ ਦੀ ਪ੍ਰਮੋਸ਼ਨ ਕਰ ਰਹੀ ਹੈ। ਇਸ ਸਬੰਧਤ ਵਿੱਚ 'ਮਹਿਕ ਵਤਨ ਦੀ ਲਾਈਵ' ਬਿਓਰੋ ਦੇ ਮੁੱਖ ਸੰਪਾਦਕ ਭਵਨਦੀਪ ਸਿੰਘ ਪੁਰਬਾ ਦੇ ਸੱਦੇ ਤੇ 'ਮੌੜ' ਫਿਲਮ ਵਿੱਚ ਇੱਕ ਅਹਿਮ ਰੋਲ ਨਿਭਾਉਣ ਵਾਲੇ ਮੋਗਾ ਜਿਲ੍ਹੇ ਨਾਲ ਸਬੰਧਤ ਪ੍ਰਸਿੱਧ ਅਦਾਕਾਰ ਮਨਿੰਦਰ ਮੋਗਾ 'ਮੌੜ' ਫਿਲਮ ਦੀ ਪ੍ਰਮੋਸ਼ਨ ਲਈ 'ਸਰਬੱਤ ਦਾ ਭਲਾ ਟਰੱਸਟ' ਦੇ ਵਿਦਿਆਰਥੀਆ ਦੇ ਰੂ-ਬਰੂ ਹੋਏ। ਇਸ ਮੌਕੇ ਅਦਾਕਾਰ ਮਨਿੰਦਰ ਮੋਗਾ ਨੂੰ ਟਰੱਸਟ ਵਿਖੇ ਪਹੁੰਚਣ ਤੇ ਮਹਿਕ ਵਤਨ ਦੀ ਫਾਉਡੇਸ਼ਨ ਅਤੇ ਸਰਬੱਤ ਦਾ ਭਲਾ ਟਰੱਸਟ ਦੇ ਟਰੱਸਟੀਆਂ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਮਨਿੰਦਰ ਮੋਗਾ ਨੇ ਸਟੇਜ ਤੋਂ ਬੋਲਦਿਆ 'ਮੌੜ' ਫਿਲਮ ਦੀ ਕਹਾਣੀ, ਮੇਕਿੰਗ ਅਤੇ ਆਪਣੇ ਜੀਵਨ ਬਾਰੇ ਵੀ ਜਾਣਕਾਰੀ ਦਿੱਤੀ।

ਭਵਨਦੀਪ ਸਿੰਘ ਪੁਰਬਾ ਨੇ ਮਨਿੰਦਰ ਮੋਗਾ ਨੂੰ 'ਮੌੜ' ਫਿਲਮ ਦੀ ਕਾਮਯਾਬੀ ਲਈ ਸ਼ੁੱਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਸਾਨੂੰ ਉਮੀਦ ਹੈ ਕਿ 'ਮੌੜ' ਫਿਲਮ ਦੇਖਕੇ ਵਿਦਿਆਰਥੀ ਪੰਜਾਬ ਦੇ ਨਾਈਕ ਜਿਉਣਾ ਮੌੜ ਦੀ ਜੀਵਨੀ ਬਾਰੇ ਸਹੀ ਜਾਣਕਾਰੀ ਹਾਸਿਲ ਕਰਨਗੇ। ਉਨ੍ਹਾਂ ਕਿਹਾ ਕਿ ਅਸੀਂ ਕੋਸ਼ਿਸ਼ ਕਰਾਗੇ ਕਿ ਅਸੀਂ ਆਪਣੇ ਟਰੱਸਟ ਦੇ ਸਾਰੇ ਵਿਦਿਆਰਥੀਆਂ ਨੂੰ ਇਹ ਫਿਲਮ ਜਰੂਰ ਦਿਖਾਈਏ। ਟਰੱਸਟ ਦੇ ਪ੍ਰਧਾਨ ਮਹਿੰਦਰਪਾਲ ਲੂੰਬਾ ਨੇ ਅਦਾਕਾਰ ਮਨਿੰਦਰ ਮੋਗਾ ਦੇ ਜੀਵਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, ਸ੍ਰਪਰਸਤ ਗੁਰਸੇਵਕ ਸਿੰਘ ਸੰਨਿਆਸੀ ਅਤੇ ਸਿਟੀ ਪ੍ਰਧਾਨ ਸੁਖਦੇਵ ਸਿੰਘ ਬਰਾੜ ਨੇ ਸਟੇਜ ਤੋਂ ਹਾਜਰੀ ਲਵਾਉਦੇ ਹੋਏ ਇਸ ਫਿਲਮ ਦੀ ਪ੍ਰਮੋਸ਼ਨ ਵਿੱਚ ਹਰ ਪ੍ਰਕਾਰ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਟਰੱਸਟ ਦੇ ਵਿਦਿਆਰਥੀਆਂ ਸਮੇਤ ਮੈਡਮ ਜਸਵੀਰ ਕੌਰ ਚੁਗਾਵਾਂ, ਮੈਡਮ ਸੁਖਵਿੰਦਰ ਕੌਰ, ਅਮਨਦੀਪ ਕੌਰ, ਲਵਪ੍ਰੀਤ ਕੌਰ, ਰਮਨਦੀਪ ਕੌਰ, ਮੈਡਮ ਨਰਜੀਤ ਕੌਰ ਬਰਾੜ, ਸੁਖਦੀਪ ਕੌਰ ਆਦਿ ਮੁੱਖ ਤੌਰ ਤੇ ਹਾਜਰ ਸਨ।



## ਪੰਜਾਬੀ ਫਿਲਮ 'ਮੌੜ' ਮੇਰੀ ਜ਼ਿੰਦਗੀ ਦੀ ਸਭ ਤੋਂ ਬਿਹਤਰ ਫਿਲਮ -ਮਨਿੰਦਰ ਮੋਗਾ




ਮਨਿੰਦਰ ਮੋਗਾ ਨੂੰ ਮੈਂ ਤਕਰੀਬਨ ਦੋ ਦਹਾਕਿਆਂ ਤੋਂ ਜਾਣਦਾ ਹਾਂ। ਬਹੁੱਤ ਸਮਾਂ ਇਕੱਠੇ ਵੀ ਰਹੇ ਤੇ ਇਕੱਠਿਆਂ ਕੰਮ ਵੀ ਕੀਤਾ। ਇਹਦੇ 'ਚ ਕੋਈ ਸ਼ੱਕ ਨਹੀਂ ਕਿ ਮਨਿੰਦਰ ਮੋਗਾ ਅਦਾਕਾਰੀ 'ਚ ਇੱਕ ਮੀਲ ਪੱਥਰ ਸਾਬਿਤ ਹੋ ਚੁੱਕਿਆ ਹੈ। ਉਹ ਅਦਾਕਾਰੀ ਦੇ ਨਾਲ-ਨਾਲ ਨਿਰਦੇਸ਼ਕ ਵਜੋ ਵੀ ਕੈਮਰੇ ਦੀ ਬਰੀਕੀਆਂ ਤੇ ਕੈਮਰੇ ਦੇ ਇੱਕ ਇੱਕ ਫਰੇਮ ਨੂੰ ਜਾਣਦਾ ਹੈ। ਫ਼ਿਲਮਾਂ ਤੋਂ ਇਲਾਵਾ ਉਸਨੇ ਸ਼ੈਂਕੜੇ ਗੀਤ ਦੂਰਦਰਸ਼ਨ ਜਲੰਧਰ ਤੇ ਹੋਰ ਚੈਨਲਾਂ ਤੇ ਕੰਪਨੀਆਂ ਲਈ ਡਾਇਰੈਕਟ ਕੀਤੇ ਹਨ। ਮਲਵਈ ਗਿੱਧੇ ਦੇ ਇਤਿਹਾਸ 'ਚ ਤਾਂ ਬਾਈ ਮਨਿੰਦਰ ਮੋਗਾ ਦਾ ਨਾਂ ਸੁਨਹਿਰੀ ਅੱਖਰਾਂ 'ਚ ਦਰਜ਼ ਆ। ਮਨਿੰਦਰ ਮੋਗਾ ਚਾਹੇ ਅੱਜ ਸਫ਼ਲ ਐਕਟਰ ਵਜੋਂ ਆਪਣੀ ਪਹਿਚਾਣ ਬਣਾ ਚੁੱਕਿਆ ਹੈ ਪਰ ਪੁਰਾਣੇ ਲੋਕ ਅੱਜ ਵੀ ਉਸ ਮਲਵਈ ਗਿੱਧੇ ਕਰਕੇ ਜ਼ਿਆਦਾ ਪਹਿਚਾਣਦੇ ਹਨ। ਸਭ ਤੋਂ ਵੱਡੀ ਗੱਲ ਆ ਕਿ ਮਨਿੰਦਰ ਮੋਗਾ ਹਲੀਮੀ, ਨਿਮਰਤਾ ਤੇ ਇਨਸਾਨੀਅਤ ਦੀ ਮੂਰਤ ਆ, ਸ਼ਾਇਦ ਇਹੀ ਉਸ ਦੀ ਕਾਮਯਾਬੀ ਦਾ ਵੱਡਾ ਰਾਜ਼ ਹੈ।

ਹਾਲ ਹੀ 'ਚ ਨਿਰਮਾਤਾ ਜਤਨ ਸੇਠੀ ਤੇ ਕਾਰਜ਼ ਗਿੱਲ ਦੀ ਵੱਡੀ ਤੇ ਮਹਿੰਗੀ ਦੱਸੀ ਜਾ ਰਹੀ ਪੰਜਾਬੀ ਫਿਲਮ 'ਮੌੜ' 'ਚ ਮਨਿੰਦਰ ਮੋਗਾ ਨੇ ਅਹਿਮ ਕਿਰਦਾਰ ਕੀਤਾ ਹੈ ਤੇ ਇਸ ਬਾਰੇ ਮਨਿੰਦਰ ਨੇ ਦੱਸਿਆ ਕਿ ਉਸਦੀ ਜ਼ਿੰਦਗੀ ਦਾ ਸਭ ਤੋ ਅਹਿਮ ਕਿਰਦਾਰ ਹੈ। ਨਿਰਦੇਸ਼ਕ ਜਤਿੰਦਰ ਮੌਹਰ ਦੀ ਇਸ ਫਿਲਮ 'ਚ ਮਨਿੰਦਰ ਮੋਗਾ ਐਮੀ ਵਿਰਕ ਤੇ ਦੇਵ ਖਰੌੜ ਨਾਲ ਅਹਿਮ ਭੂਮਿਕਾ ਨਿਭਾ ਰਿਹਾ ਹੈ। ਜੇਕਰ ਮੈਂ ਕਹਾਂ ਕਿ ਮਨਿੰਦਰ ਇੱਕ ਕਾਬਲ ਤੇ ਮਿਹਨਤਕਸ਼ ਅਦਾਕਾਰ ਹੈ ਤਾਂ ਕੋਈ ਅਤ-ਕਥਨੀ ਨਹੀਂ ਹੋਵੇਗੀ। ਸਾਡਾ ਮਨਿੰਦਰ ਬਾਈ ਪੰਜਾਬੀ ਫਿਲਮ ਇੰਡਸਟਰੀ, ਪੰਜਾਬ ਤੇ ਖਾਸ ਕਰਕੇ ਸਾਡੇ ਮੋਗੇ ਦੀ ਸ਼ਾਨ ਹੈ। ਜਿਸ ਤੇ ਸਾਨੂੰ ਬੇ-ਹੱਦ ਮਾਣ ਤੇ ਫਖਰ ਹੈ। ਅਸੀ 'ਮੌੜ' ਲਈ ਸਮੁੱਚੇ ਪ੍ਰੋਡਕਸ਼ਨ ਹਾਊਸ ਤੇ ਮਨਿੰਦਰ ਮੋਗਾ ਨੂੰ ਮੁਬਾਰਕਬਾਦ ਤੇ ਸ਼ੁਭਕਾਮਨਾਵਾਂ ਭੇਜਦੇ ਹਾਂ।

-ਮਨਜੀਤ ਸਿੰਘ ਸਰਾਂ / ਬਰੈਂਪਟਨ



# ਇਤਿਹਾਸ ਵਿਚ ਪਹਿਲੀ ਵਾਰ ਸਿਵਲ ਹਸਪਤਾਲ ਮੋਗਾ ਵਿੱਚ ਲੱਗੇ ਖ਼ੂਨਦਾਨ ਕੈਂਪ ਵਿੱਚ ਹੋਇਆ 325 ਯੂਨਿਟ ਖ਼ੂਨਦਾਨ

ਵਿਸ਼ਵ ਖ਼ੂਨਦਾਤਾ ਦਿਵਸ ਮੌਕੇ ਰੂਰਲ ਐੱਨ.ਜੀ.ਓ. ਕਲੱਬਜ ਐਸੋਸੀਏਸ਼ਨ ਸਿਟੀ ਯੂਨਿਟ ਮੋਗਾ ਵੱਲੋਂ ਸਿਵਲ ਹਸਪਤਾਲ ਮੋਗਾ ਵਿੱਚ ਲਗਾਇਆ ਖ਼ੂਨਦਾਨ ਕੈਂਪ ਖ਼ੂਨਦਾਨੀਆਂ ਦਾ ਮੇਲਾ ਬਣ ਗਿਆ ਅਤੇ ਇਤਿਹਾਸ ਵਿਚ ਪਹਿਲੀ ਵਾਰ ਸਿਵਲ ਹਸਪਤਾਲ ਮੋਗਾ ਵਿੱਚ ਲੱਗੇ ਖ਼ੂਨਦਾਨ ਕੈਂਪ ਵਿੱਚ 325 ਯੂਨਿਟ ਖ਼ੂਨਦਾਨ ਹੋਇਆ। ਇਸ ਕੈਂਪ ਦਾ ਉਦਘਾਟਨ ਡਿਪਟੀ ਕਮਿਸ਼ਨਰ ਮੋਗਾ ਸ. ਕੁਲਵੰਤ ਸਿੰਘ ਨੇ ਖੁਦ ਖ਼ੂਨਦਾਨ ਕਰਕੇ ਕੀਤਾ। ਉਨ੍ਹਾਂ ਇਸ ਮੌਕੇ ਖ਼ੂਨਦਾਨੀਆਂ ਦੇ ਬੈਜ ਲਗਾ ਕੇ ਉਨ੍ਹਾਂ ਦੀ ਹੌਸਲਾ ਅਫਜਾਈ ਵੀ ਕੀਤੀ। ਇਸ ਮੌਕੇ ਸਨਮਾਨ ਸਮਾਰੋਹ ਵੀ ਹੋਇਆ ਜਿਸ ਵਿੱਚ ਪੰਜਾਬ ਭਰ ਤੋਂ ਆਈਆਂ 35 ਖ਼ੂਨਦਾਨੀ ਸਖਸ਼ੀਅਤਾਂ ਤੋਂ ਇਲਾਵਾ ਮੋਗਾ ਜਿਲ੍ਹੇ ਦੀਆਂ 60 ਖ਼ੂਨਦਾਨੀ ਸੰਸਥਾਵਾਂ ਨੂੰ ਸਨਮਾਨਿਤ ਕੀਤਾ ਗਿਆ।

ਇਸ ਸਮਾਗਮ ਵਿੱਚ ਸਿਵਲ ਸਰਜਨ ਮੋਗਾ ਡਾ. ਰਾਜੇਸ਼ ਅੱਤਰੀ, ਇੰਪਰੂਵਮੈਂਟ ਟਰੱਸਟ ਮੋਗਾ ਦੇ ਚੇਅਰਮੈਨ ਦੀਪਕ ਅਰੋੜਾ, ਐਸ.ਐਮ.ਓ. ਸਿਵਲ ਹਸਪਤਾਲ ਮੋਗਾ ਡਾ. ਸੁਖਪ੍ਰੀਤ ਬਰਾੜ, ਸਾਬਕਾ ਐਮ.ਪੀ. ਕੇਵਲ ਸਿੰਘ ਲੰਢੇਕੇ ਮੁੱਖ ਤੌਰ ਤੇ ਹਾਜਰ ਰਹੇ। ਇਸ ਕੈਂਪ ਵਿੱਚ ਸੰਸਥਾ ਦੇ ਚੀਫ ਪੈਟਰਨ ਮਹਿੰਦਰ ਪਾਲ ਲੂੰਬਾ ਅਤੇ ਜਿਲ੍ਹਾ ਪ੍ਰਧਾਨ ਹਰਭਿੰਦਰ ਸਿੰਘ ਜਾਨੀਆਂ ਦੀ ਯੋਗ ਅਗਵਾਹੀ ਵਿੱਚ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਸ਼ੋਸਲ ਮੀਡੀਆ ਇੰਚਾਰਜ ਇਕਬਾਲ ਸਿੰਘ ਖੋਸਾ, ਡਾ. ਸੁਰਜੀਤ ਸਿੰਘ ਦੋਧਰ, ਡਾ. ਰਵੀਨੰਦਨ ਸ਼ਰਮਾ, ਗੁਰਸੇਵਕ ਸਿੰਘ ਸੰਨਿਆਸੀ, ਗੁਰਨਾਮ ਸਿੰਘ ਲਵਲੀ, ਡਾ. ਸਰਬਜੀਤ ਕੌਰ ਬਰਾੜ, ਗੁਰਚਰਨ ਸਿੰਘ ਮੁੰਨਣ, ਐਡਵੋਕੇਟ ਇੰਦਰਜੀਤ ਸਿੰਘ ਨਿਆਮੀਵਾਲਾ, ਮਨਮੋਹਨ ਸਿੰਘ ਚੀਮਾ, ਹਰਜਿੰਦਰ ਚੁਗਾਵਾਂ, ਪ੍ਰੋਮਿਲਾ ਕੁਮਾਰੀ, ਜਸਵੀਰ ਕੌਰ, ਨਰਜੀਤ ਕੌਰ, ਮੈਡਮ ਕਮਲਜੀਤ ਕੌਰ ਮੋਗਾ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ, ਕੌਂਸਲਰ ਬਲਜੀਤ ਸਿੰਘ ਚਾਨੀ, ਬਲਵੀਰ ਸਿੰਘ ਪਾਧੀ, ਕੰਵਲਜੀਤ ਮਹੇਸਰੀ, ਹਰਜਿੰਦਰ ਘੋਲੀਆ, ਰਾਜ ਕੁਮਾਰ, ਸਾਬਕਾ ਸਰਪੰਚ ਹਰਭਜਨ ਸਿੰਘ ਬਹੋਨਾ, ਰਿਟਾ. ਤਹਿਸੀਲਦਾਰ ਗੁਰਮੀਤ ਸਿੰਘ ਸਹੋਤਾ, ਪ੍ਰਦੀਪ ਸ਼ਰਮਾ, ਰਾਮ ਸਿੰਘ ਜਾਨੀਆਂ, ਗੋਕਲ ਚੰਦ, ਜਸਵਿੰਦਰ ਰਖਰਾ, ਦਵਿੰਦਰਜੀਤ ਗਿੱਲ, ਕੁਲਵਿੰਦਰ ਸਿੰਘ ਰਾਮੂੰਵਾਲਾ, ਮਨਦੀਪ ਸਿੰਘ ਗਿੱਲ, ਹਰਪ੍ਰੀਤ ਸਿੰਘ ਹੈਪੀ, ਗੁਰਵੀਰ ਸਿੰਘ, ਡਾ. ਬਲਦੇਵ ਸਿੰਘ ਧੂੜਕੋਟ, ਅਕਬਰ ਚੜਿੱਕ, ਜਗਜੀਤ ਸਿੰਘ ਕਾਲੇਕੇ, ਜਗਤਾਰ ਸਿੰਘ ਜਾਨੀਆਂ, ਕਰਮਜੀਤ ਘੋਲੀਆ, ਸੁਖਵਿੰਦਰ ਸਿੰਘ ਮਠਾੜੂ, ਮੈਡਮ ਰਾਜ ਕੌਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਸਥਾਵਾਂ ਦੇ ਆਗੂ ਅਤੇ ਮੈਂਬਰਾਂ ਨੇ ਵਿਸ਼ੇਸ਼ ਸੇਵਾ ਨਿਭਾਈ।










## ਡਿਪਟੀ ਕਮਿਸ਼ਨਰ ਮੋਗਾ ਸ. ਕੁਲਵੰਤ ਸਿੰਘ ਨੇ ਖੁਦ ਖ਼ੂਨਦਾਨ ਕਰਕੇ ਕੀਤਾ ਇਸ ਕੈਂਪ ਦਾ ਉਦਘਾਟਨ





ਸਨਮਾਨ ਸਮਾਰੋਹ ਕੌਰ ਇੰਮੀਗਰੇਸ਼ਨ ਅਤੇ ਅਰਮਾਨ ਟ੍ਰੈਵਲਜ ਬਾਘਾ ਪੁਰਾਣਾ ਵੱਲੋਂ ਸਪਾਂਸਰ ਕੀਤਾ ਗਿਆ। ਇਸ ਮੌਕੇ ਬਲੱਡ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਸੁਖਵਿੰਦਰ ਸਿੰਘ ਮਠਾੜੂ ਅਮ੍ਰਿਤਸਰ, ਨਵਰੀਤ ਬਲੱਡ ਡੋਨਰਜ ਸੁਸਾਇਟੀ ਬਰਗਾੜੀ ਦੇ ਪ੍ਰਧਾਨ ਅਜੇਪਾਲ ਸਿੰਘ ਬਰਗਾੜੀ, ਗੁਰਵਿੰਦਰ ਸ਼ਰਮਾ ਬਠਿੰਡਾ, ਰਾਜੀਵ ਕੁਕਰੇਜਾ ਫਾਜਿਲਕਾ, ਬੀਰਵਲ ਬਾਂਸਲ ਬਠਿੰਡਾ, ਹਰਦੀਪ ਸਿੰਘ ਢਿੱਲੋਂ ਬਰਨਾਲਾ, ਸ਼ਿੰਦਰ ਸਿੰਘ ਫਿਰੋਜ਼ਪੁਰ, ਨਿਰਮਲਜੀਤ ਸਿੰਘ ਫਰੀਦਕੋਟ, ਕੰਵਲਜੀਤ ਸਿੰਘ ਰੋਪੜ, ਦੀਪਕ ਗਰਗ ਮੁਕਤਸਰ, ਨਿਰੰਜਨ ਸਿੰਘ ਕੋਟਕਪੂਰਾ, ਰਾਜਨ ਦੂਆ ਫਰੀਦਕੋਟ, ਰਤਨੇਸ਼ ਕੁਮਾਰ ਲੁਧਿਆਣਾ, ਨਰਿੰਦਰ ਸਿੰਘ ਲੁਧਿਆਣਾ, ਸੋਨੂੰ ਰੰਧਾਵਾ ਜਲੰਧਰ, ਗੁਰਪ੍ਰੀਤ ਸਿੰਘ ਭੰਮੇ ਮਾਨਸਾ, ਮਨਜੀਤ ਸਿੰਘ ਸਮਰਾਲਾ, ਸਤਿੰਦਰ ਸਿੰਘ ਸਮਰਾਲਾ, ਦਿਲਬਾਗ ਸਿੰਘ ਬਾਗੀ ਬੰਗਾ, ਜਤਿੰਦਰ ਸਿੰਘ ਗੋਲਡੀ ਬਰਨਾਲਾ, ਐਡਵੋਕੇਟ ਗੋਪਾਲ ਸਿੰਘ ਲੁਧਿਆਣਾ, ਹਰਪ੍ਰੀਤ ਸਿੰਘ ਹਨੀ ਫਰੀਦਕੋਟ, ਸੀਰਾ ਮੌੜ ਨਾਭਾ ਅਤੇ ਪ੍ਰਿੰਸ ਧੁੰਨਾ ਪੱਟੀ ਨੂੰ ਸਨਮਾਨਿਤ ਕੀਤਾ ਗਿਆ।

ਇਸ ਤੋਂ ਇਲਾਵਾ ਖ਼ੂਨਦਾਨ ਦੇ ਖੇਤਰ ਅਤੇ ਇਸ ਕੈਂਪ ਨੂੰ ਕਾਮਯਾਬ ਬਨਾਉਣ ਲਈ ਸਿਟੀ ਬਲੱਡ ਹੈਲਪ ਮੋਗਾ, ਬਲੱਡ ਸੇਵਾ ਮੋਗਾ, ਡੇਰਾ ਸੱਚਾ ਸੌਦਾ ਮੋਗਾ, ਭਾਈ ਘਨਈਆ ਬਲੱਡ ਡੋਨਰਜ ਸੁਸਾਇਟੀ ਮੋਗਾ, ਨੈਸਲੇ ਇੰਪਲਾਈਜ ਯੂਨੀਅਨ ਮੋਗਾ, ਅਰੋੜਾ ਮਹਾਂਸਭਾ ਮੋਗਾ, ਰੋਟਰੀ ਕਲੱਬ ਮੋਗਾ, ਸਾਂਝ ਵੈਲਫੇਅਰ ਕਲੱਬ ਮੋਗਾ, ਯੰਗ ਬਲੱਡ ਡੋਨਰਜ ਕਲੱਬ ਮੋਗਾ, ਸੰਤ ਨਿਰੰਕਾਰੀ ਮਿਸ਼ਨ ਮੋਗਾ, ਇਲੈਕਟ੍ਰੋ ਹੋਮਿਓਪੈਥਿਕ ਡਾਕਟਰਜ ਮੈਡੀਕਲ ਐਸੋਸੀਏਸ਼ਨ ਮੋਗਾ, ਸਮਾਲਸਰ ਸਮਾਜ ਸੇਵਾ ਸੰਮਤੀ, ਬਾਬਾ ਫਰੀਦ ਜੀ ਬਲੱਡ ਸੇਵਾ ਸੁਸਾਇਟੀ ਫਰੀਦਕੋਟ, ਬਾਬਾ ਭਾਈ ਰੂਪ ਚੰਦ ਟਰੱਸਟ ਸਮਾਧ ਭਾਈ, ਸਰਬੱਤ ਦਾ ਭਲਾ ਖ਼ੂਨਦਾਨ ਕਲੱਬ ਕਾਲੇਕੇ, ਸ਼ਹੀਦ ਭਗਤ ਸਿੰਘ ਬਲੱਡ ਡੋਨੇਸ਼ਨ ਸੁਸਾਇਟੀ ਝੰਡੇਵਾਲਾ, ਹੈਲਪਿੰਗ ਹੈਂਡ ਜੀਰਾ, ਸਹਾਰਾ ਕਲੱਬ ਜੀਰਾ, ਸ਼ਨੀ ਦਿਵਯ ਟਰੱਸਟ ਰਾਮੂਵਾਲਾ ਨਵਾਂ, ਖ਼ੂਨਦਾਨ ਵੈਲਫੇਅਰ ਕਮੇਟੀ ਕਿਸ਼ਨਪੁਰਾ ਕਲਾਂ, ਫਰੈਂਡਜ ਐਜੂਕੇਅਰ ਐਂਡ ਵੈਲਫੇਅਰ ਸੁਸਾਇਟੀ ਕੋਟ ਈਸੇ ਖਾਂ, ਜਿਲ੍ਹਾ ਐਨ ਜੀ ਓ ਕੋਆਰਡੀਨੇਸ਼ਨ ਕਮੇਟੀ ਮੋਗਾ, ਕੰਜਿਊਮਰ ਰਾਈਟਸ ਆਰਗੇਨਾਈਜ਼ੇਸ਼ਨ ਮੋਗਾ, ਸ਼੍ਰੀ ਗੁਰੂ ਹਰਿਕ੍ਰਿਸ਼ਨ ਨਗਰ ਸ਼ੋਸ਼ਲ ਵੈਲਫੇਅਰ ਕਲੱਬ ਮੋਗਾ, ਏਕਤਾ ਕਲੱਬ ਮੋਗਾ, ਸ਼ਹੀਦ ਭਗਤ ਸਿੰਘ ਵੈਲਫੇਅਰ ਕਲੱਬ ਘੋਲੀਆ ਕਲਾਂ, ਯੂਥ ਵੈਲਫੇਅਰ ਐਂਡ ਸਪੋਰਟਸ ਕਲੱਬ ਦੁਸਾਂਝ, ਭਗਤ ਪੂਰਨ ਸਿੰਘ ਸੇਵਾ ਸੁਸਾਇਟੀ ਰਾਮੂਵਾਲਾ, ਸਬਰੰਗ ਵੈਲਫੇਅਰ ਕਲੱਬ ਬੁੱਘੀਪੁਰਾ, ਮਹਿਕ ਵਤਨ ਦੀ ਫਾਊਂਡੇਸ਼ਨ ਮੋਗਾ, ਸ਼ਰਨ ਫਾਊਂਡੇਸ਼ਨ ਮੋਗਾ, ਡੇਰਾ ਬਾਬਾ ਨਾਪੂ ਸ਼ਾਹ ਜੀ ਵੈਲਫੇਅਰ ਕਮੇਟੀ ਚੜਿੱਕ, ਭਗਤ ਪੂਰਨ ਸਿੰਘ ਵੈਲਫੇਅਰ ਸੁਸਾਇਟੀ ਕੋਟ ਈਸੇ ਖਾਂ, ਨਿਰੰਜਨ ਦਾਸ ਗਰੋਵਰ ਮੈਮੋਰੀਅਲ ਵੈਲਫੇਅਰ ਕਲੱਬ ਧਰਮਕੋਟ, ਬਲੱਡ ਡੋਨਰਜ ਕਲੱਬ ਧਰਮਕੋਟ, ਗੁਰੂ ਗੋਬਿੰਦ ਸਿੰਘ ਬਲੱਡ ਡੋਨਰਜ ਕਲੱਬ ਚੂਹੜ ਚੱਕ, ਰਣਜੀਤ ਮੈਮੋਰੀਅਲ ਕਲੱਬ ਚੁਗਾਵਾਂ, ਬਾਬਾ ਪ੍ਰਤਾਪ ਦਾਸ ਸਪੋਰਟਸ ਐਂਡ ਵੈਲਫੇਅਰ ਕਲੱਬ ਜੀਤਾ ਸਿੰਘ ਵਾਲਾ, ਹਿਊਮੈਨਟੀ ਵੈੱਲਫੇਅਰ ਕਲੱਬ ਭਾਗਪੁਰ ਗਗੜਾ, ਸ. ਬਲਦੀਪ ਸਿੰਘ ਡੀ ਐਮ ਮਾਰਕਫੈਡ ਮੋਗਾ, ਇਫਕੋ ਮੋਗਾ, ਯੂਨੀਵਰਸਲ ਹਿਊਮਨ ਰਾਈਟਸ ਐਸੋਸੀਏਸ਼ਨ ਮੋਗਾ, ਬਲੱਡ ਡੋਨਰਜ ਕਲੱਬ ਮੋਗਾ, ਘੱਲਕਲਾਂ ਬਲੱਡ ਡੋਨਰਜ ਕਲੱਬ, ਸ. ਤ੍ਰਿਲੋਚਨ ਸਿੰਘ ਸੋਢੀ, ਟੀਮ ਬਲੱਡ ਬੈਂਕ ਸਿਵਲ ਹਸਪਤਾਲ ਮੋਗਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ ਜਿਲ੍ਹਾ ਮੋਗਾ, ਪ੍ਰਮੇਸ਼ਵਰ ਦੁਆਰ ਗੁਰਮਤਿ ਪ੍ਰਚਾਰ ਸੇਵਾ ਦਲ ਮੋਗਾ, ਸਮਾਜ ਸੇਵਾ ਸੁਸਾਇਟੀ ਮੋਗਾ, ਭਾਈ ਘਨਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਫਰੀਦਕੋਟ, ਖਾਲਸਾ ਸੇਵਾ ਸੁਸਾਇਟੀ ਮੋਗਾ, ਸ਼ਹੀਦ ਊਧਮ ਸਿੰਘ ਕਲੱਬ ਮਹਿਰੋਂ, ਜੈ ਮਿਲਾਪ ਲੈਬਾਰਟਰੀ ਐਸੋਸੀਏਸ਼ਨ ਮੋਗਾ, ਮੋਗਾ ਯੂਥ ਵੈਲਫੇਅਰ ਕਲੱਬ ਅਤੇ ਸਹਾਰਾ ਕਲੱਬ ਥਰਾਜ ਨੂੰ ਸਨਮਾਨਿਤ ਕੀਤਾ ਗਿਆ।

ਕਹਾਣੀ

# ਇੱਲਾਂ

ਪ੍ਰੋ. ਨਿਰਮਲਜੀਤ ਕੌਰ ਸਿੱਧੂ

ਐਤਵਾਰ ਦੇ ਦਿਨ ਬੱਚੇ ਸੁੱਤੇ ਪਏ ਬੜਾ ਲੇਟ ਜਾਗਦੇ ਹਨ। ਬਾਕੀ ਘਰਦੇ ਮੈਂਬਰਾਂ ਨੂੰ ਖਾਸ ਕਰਕੇ ਮਾਵਾਂ ਨੂੰ ਇਸ ਦਿਨ ਸਵੇਰੇ ਸੌਣ ਦਾ ਕੁਝ ਜਿਆਦਾ ਸਮਾਂ ਮਿਲ ਜਾਂਦਾ ਹੈ। ਇਕ ਦਿਨ ਫ਼ੋਨ ਦੀ ਰਿੰਗ ਵੱਜਣ 'ਤੇ ਮੈਨੂੰ ਜਾਗ ਆ ਗਈ। ਮੇਰੇ 'ਹੈਲੋ...' ਕਹਿਣ ਤੇ ਇਕ ਰੋਂਦੀ ਰੋਂਦੀ ਪਤਲੀ ਜਿਹੀ ਆਵਾਜ਼ ਆਈ, "ਮੈਂ ਤਾਰੋ ਬੋਲਦੀ ਹਾਂ..." ਮੇਰੇ ਨਾਨਕੇ ਘਰ ਤਾਰੋ ਮੇਰੀ ਬਚਪਨ ਦੀ ਸਹੇਲੀ ਹੈ। ਸਾਡਾ ਵਿਆਹ ਵੀ ਇਕੋ ਕਸਬੇ ਵਿਚ ਹੋ ਗਿਆ ਸੀ। ਸਾਡਾ ਸਹੇਲਪੁਣਾ ਵੀ ਬਚਪਨ ਤੋਂ ਲੈ ਕੇ ਅੱਜ ਤੱਕ ਪਹਿਲੇ ਹੀ ਤਰ੍ਹਾਂ ਨਿਭ ਰਿਹਾ ਹੈ। ਤਾਰੋ ਤੇ ਮੇਰੇ ਬੱਚੇ ਇਕੋ ਸਕੂਲ ਤੇ ਇਕੋ ਕਾਲਜ ਵਿਚ ਪੜ੍ਹਦੇ ਹੋਣ ਕਰਕੇ ਇਨ੍ਹਾਂ ਦੀ ਵੀ ਆਪਸ ਵਿਚ ਗਹਿਰੀ ਸਾਂਝ ਬਣ ਗਈ ਹੈ।

ਫ਼ੋਨ 'ਤੇ ਐਨੀ ਸਵੇਰੇ ਤਾਰੋ ਦੇ ਰੋਣ ਨੇ ਹੈਰਾਨੀ ਤੇ ਪ੍ਰੇਸ਼ਾਨੀ ਵਿਚ ਪਾ ਦਿੱਤਾ। ਉਸ ਨੇ ਦੱਸਿਆ ਕਿ ਉਸ ਦੀ (ਧੀ) ਮਨਦੀਪ ਦਾ ਰੂਪ ਹੀ ਉਸ ਦਾ ਵੈਰੀ ਬਣ ਗਿਆ। ਉਹ ਬਾਜ਼ਾਰੋਂ ਘਰਦੀਆਂ ਕੁਝ ਚੀਜ਼ਾਂ ਲੈ ਕੇ ਆ ਰਹੀ ਸੀ ਕਿ ਪਤਾ ਨਹੀਂ ਕਦੋਂ ਪਾਪੀ ਗੁੰਡਿਆਂ ਨੇ 'ਇੱਲਾਂ' ਵਾਂਗ ਮਨਦੀਪ 'ਤੇ ਝਪਟਾਂ ਮਾਰ ਕੇ ਉਸ ਨੂੰ ਗੱਡੀ ਵਿਚ ਸੁੱਟ ਲਿਆ ਅਤੇ ਉਸ ਨੂੰ ਇਕ ਚੁਬਾਰੇ ਵਿਚ ਲੈ ਗਏ। ਉਥੇ ਕੁਝ ਹੋਰ ਗੁੰਡੇ ਵੀ ਸਨ। ਇਕ ਮੇਜ਼ 'ਤੇ ਉਨ੍ਹਾਂ ਸ਼ਰਾਬ ਦੀਆਂ ਬੋਤਲਾਂ ਤੇ ਹੋਰ ਵੀ ਕਿੰਨਾ ਕੁਝ ਖਾਣ ਵਾਸਤੇ ਰੱਖਿਆ ਹੋਇਆ ਸੀ। ਮਨਦੀਪ ਪਹਿਲਾਂ ਤਾਂ ਬਹੁਤ ਘਬਰਾ ਗਈ। ਪਰ ਫਿਰ ਪਤਾ ਨਹੀਂ ਉਸ ਵਿਚ ਐਨੀ ਸ਼ਕਤੀ ਕਿਥੋਂ ਆ ਗਈ ਕਿ ਉਸ ਨੇ ਚੁਬਾਰੇ ਤੋਂ ਛਾਲ ਮਾਰ ਦਿੱਤੀ। ਉਹ ਬਚ ਤਾਂ ਗਈ ਪਰ ਇਕ ਲੱਤ ਤੇ ਇਕ ਬਾਂਹ ਟੁੱਟ ਗਈ। ਸਾਰੀ ਗਲੀ ਵਿਚ ਰੌਲਾ ਪੈ ਗਿਆ। ਫਿਰ ਉਸ ਨੇ ਉਚੀ-ਉਚੀ ਰੋਣਾ ਸ਼ੁਰੂ ਕਰ ਦਿੱਤਾ। 'ਇੱਲਾਂ ਵਾਂਗ ਝਪਟਾ ਮਾਰ ਕੇ' ਸ਼ਬਦਾਂ ਨੇ ਮੇਰੇ ਨਾਨਕੇ ਘਰ ਮੇਰੇ ਨਾਲ ਵਾਪਰੀ ਇਸ ਘਟਨਾ ਨੂੰ ਮੇਰੇ ਅਚੇਤ ਮਨ ਦੀ ਡੂੰਘਾਈ ਵਿਚੋਂ ਕੱਢ ਕੇ ਮੇਰੇ ਸੁਚੇਤ ਮਨ ਦੇ ਚਿੱਤਰ ਪੱਟ 'ਤੇ ਉਕਰੀ ਯਾਦ ਤਾਜ਼ਾ ਹੋ ਗਈ। ਅਣਵੰਡੇ ਪੰਜਾਬ ਵਿਚ ਇਹ ਉਨ੍ਹਾਂ ਦਿਨਾਂ ਦੀ ਗੱਲ ਹੈ ਜਦ ਬੱਚਿਆਂ ਲਈ ਨਾਨਕਾ ਘਰ ਅੱਜ ਕੱਲ੍ਹ ਦੀਆਂ ਲਗਾਤਾਰ ਪਿਕਨਿਕਾਂ ਮਨਾਉਣ ਦੇ ਬਰਾਬਰ ਹੁੰਦਾ ਸੀ। ਤਾਂਹੀਉਂ ਤਾਂ ਸਕੂਲ ਵਿਚ ਪੜ੍ਹਨ ਵਾਲੇ ਬੱਚੇ ਸਕੂਲ ਦੀਆਂ ਛੁੱਟੀਆਂ ਖਾਸ ਕਰਕੇ ਗਰਮੀਆਂ ਵਿਚ ਦੋ ਮਹੀਨੇ ਦੀਆਂ ਛੁੱਟੀਆਂ ਨੂੰ ਉਡੀਕਦੇ ਰਹਿੰਦੇ ਸਨ ਕਿਉਂਕਿ ਇਨ੍ਹਾਂ ਛੁੱਟੀਆਂ ਵਿਚ ਨਾਨਕੇ ਘਰ ਜਾ ਕੇ ਮੌਜ ਮੇਲਾ ਕਰਨ ਦੇ ਕਾਫ਼ੀ ਦਿਨ ਮਿਲ ਜਾਂਦੇ ਸੀ। ਉਨ੍ਹਾਂ ਦਿਨਾਂ ਵਿਚ ਅਜੇ ਭਾਰਤ ਵਿਚ ਟੀ.ਵੀ. ਦੀ ਆਮਦ ਨਹੀਂ ਹੋਈ ਸੀ। ਲੜਕੇ ਦੌੜਾਂ ਵਿਚ ਜਾ ਕੇ ਖਿੱਦੋ ਖੂੰਡੀ ਜਾਂ ਕੌਡੀ ਕੌਡੀ ਖੇਡਦੇ ਤੇ ਕੁੜੀਆਂ ਅੱਡੀ ਟੱਪਾ, ਕੋਟਲਾ ਛਪਾਕੀ, ਲੁਕੀ ਛਿਪੀ ਜਾਣਾ, ਸ਼ੱਕਰ ਭਿੱਦਜੀ ਜਾਂ ਗੁੱਡੀ ਗੁੱਡੇ ਦਾ ਘਰ ਬਣਾ ਕੇ ਖੇਡਦੀਆਂ ਹੁੰਦੀਆਂ ਸਨ। ਨਾਨਕੇ ਘਰ ਜਾਣ ਤੋਂ ਕਈ ਦਿਨ ਪਹਿਲਾਂ ਬੱਚੇ ਆਪਣੀ ਤਿਆਰੀ ਵਿਚ ਰੁਝ ਜਾਂਦੇ ਸਨ। ਇਸ ਖੁਸ਼ੀ ਵਿਚ ਦੋ ਦੋ ਕੁੜੀਆਂ ਇਕ ਦੂਜੀ ਦਾ ਹੱਥ ਫੜ ਕੇ ਗੋਲ ਚੱਕਰ ਵਿਚ ਗੇੜੇ ਦੇ ਕੇ ਗਾਉਂਦੀਆਂ ਸਨ:

**ਨਾਨਕੇ ਘਰ ਜਾਵਾਂਗੇ**
**ਝੱਗਾ ਚੁੰਨੀ ਲਿਆਵਾਂਗੇ**
**ਲਾਲ ਮੰਜੇ ਪਾਵਾਂਗੇ**
**ਲੱਡੂ ਪੇੜੇ ਖਾਵਾਂਗੇ।**

ਅੱਗੋਂ ਨਾਨਕੇ ਘਰ ਨਾਨਾ-ਨਾਨੀ, ਮਾਸੀਆਂ, ਮਾਮੇ-ਮਾਮੀਆਂ ਤੇ ਗਲੀ-ਗੁਆਂਢ ਦੇ ਸਾਰੇ ਬੱਚੇ ਵੀ ਦਿਨ ਗਿਣਦੇ ਕਿ ਕਦੋਂ ਇਕੱਠੇ ਹੋ ਕੇ ਮਸਤੀਆਂ ਕਰਾਂਗੇ। ਸੱਚਮੁੱਚ ਹੀ ਨਾਨਕੇ ਘਰਉ_ਨ੍ਹਾਂ ਦਨਾਂ ਵਚਬ`ਚਿਆਂਨੂੰ ਖ`ਣ ਮੱਲਣ ਦੁੱਧ, ਦਹੀਂ, ਮੱਖਣ, ਲੱਸੀ, ਚੂਰੀ, ਸ਼ੱਕਰ-ਘਿਉ, ਗੁੜ ਖਾਣ ਪੀਣ ਦੀ ਮੌਜ ਹੁੰਦੀ ਸੀ। ਇਸ ਤੋਂ ਬਿਨਾਂ ਕਿਸੇ ਦੀ ਹਿਰਕ ਨਾ ਝਿੜਕ। ਆਜ਼ਾਦ ਪੰਛੀਆਂ ਦੀ ਤਰ੍ਹਾਂ ਆਸਮਾਨ ਵਿਚ ਉਡਾਰੀ ਲਾਉਣ ਦੀ ਥਾਂ ਗਲੀਆਂ ਵਿਚ ਬੱਚੇ ਉਡਦੇ ਹੀ ਫਿਰਦੇ ਸਨ। ਧਰਤੀ 'ਤੇ ਪੈਰ ਤਾਂ ਉਨ੍ਹਾਂ ਦੇ ਲਗਦੇ ਹੀ ਨਹੀਂ ਸਨ। ਦੋਹਤੇ ਦੋਹਤੀਆਂ ਨੂੰ ਤਾਂ ਸਾਰਾ ਪਿੰਡ ਪਿਆਰਦਾ ਤੇ ਸਤਿਕਾਰਦਾ ਸੀ।

ਮੈਂ ਵੀ ਛੁੱਟੀਆਂ ਵਿਚ ਸਕੂਲ ਦਾ ਕੰਮ ਜਲਦੀ ਜਲਦੀ ਨਿਬੇੜ ਕੇ ਨਾਨਕੇ ਘਰ ਭੱਜਦੀ ਸਾਂ। ਉਥੇ ਆ ਕੇ ਸਕੂਲ ਦਾ ਕੰਮ ਹੁੰਦਾ ਹੀ ਨਹੀਂ ਸੀ। ਸਾਰਾ ਸਾਰਾ ਦਿਨ ਤੇ ਚੰਨ ਚਾਨਣੀ ਰਾਤ ਨੂੰ ਵੀ ਆਪਣੀਆਂ ਸਹੇਲੀਆਂ ਤਾਰੋ, ਬਚਨੋ, ਸੀਤਾ, ਰਾਸ਼ੀ, ਪ੍ਰੀਤੀ, ਰੱਜੋ, ਨਿੱਕੀ, ਨਜ਼ਮਾਂ ਨਾਲ ਖੇਡਦੀ ਹੀ ਰਹਿੰਦੀ ਸਾਂ। ਜਦੋਂ ਭੁੱਖ ਮਹਿਸੂਸ ਹੋਣੀ ਤਾਂ ਘਰ ਆ ਕੇ ਰੋਟੀ ਖਾ ਜਾਣੀ ਤੇ ਫਿਰ ਸਹੇਲੀਆਂ ਨਾਲ ਰਲ ਕੇ ਲੁਕ ਛਿਪ ਜਾਣਾ, ਅੱਡੀ-ਛੜੱਪਾ, ਛੂਹ-ਛੁਹਾਈ ਜਾਂ ਟੁੱਟੀਆਂ ਵੰਗਾਂ ਦੇ ਟੁਕੜਿਆਂ ਨਾਲ ਜਿੱਤ ਹਾਰ ਖੇਡਣ ਲੱਗ ਜਾਣਾ। ਜਦੋਂ ਥੱਕ ਜਾਣਾ ਤਾਂ ਕਿਸੇ ਵੀ ਸਹੇਲੀ ਦੇ ਘਰ ਦੇ ਦਲਾਨ ਜਾਂ ਗਲੀ ਦੇ ਇਕ ਪਾਸੇ ਬੈਠ ਕੇ ਦਿਨ ਨੂੰ ਹੀ ਰੂਪ-ਬਸੰਤ, ਮਤਰੇਈ ਮਾਂ, ਰਾਜੇ ਰਾਣੀਆਂ, ਭੂਤਾਂ ਚੁੜੇਲਾਂ ਦੀਆਂ ਬਾਤਾਂ ਪਾਉਣ ਲੱਗ ਜਾਣਾ ਜਾਂ ਬੁੱਝਣ ਵਾਲੀਆਂ ਬੁਝਾਰਤਾਂ ਪਾਉਣੀਆਂ ਸਾਡਾ-ਮਨ ਭਾਉਂਦਾ ਸ਼ੁਗਲ ਸੀ। ਉਨ੍ਹਾਂ ਦਿਨਾਂ ਵਿਚ ਮੇਰੇ ਤੋਂ ਬਿਨਾਂ ਕਿਸੇ ਸਹੇਲੀ ਨੇ ਰੇਲ ਗੱਡੀ ਨਹੀਂ ਸੀ ਵੇਖੀ। ਮੈਂ ਇਕ ਦਿਨ ਬੁਝਾਰਤ ਪਾ ਦਿੱਤੀ:

**"ਇਕ ਜ਼ਨਾਨੀ ਮੈਂ ਦੇਖੀ ਹੁੱਕਾ ਪੀਂਦੀ ਜਾਵੇ।"**

ਸਾਰੀਆਂ ਸਹੇਲੀਆਂ ਵਿਚੋਂ ਕਿਸੇ ਤੋਂ ਇਹ ਬਾਤ ਬੁੱਝੀ ਨਾ ਗਈ। ਬੰਸੋ ਕਹਿਣ ਲੱਗੀ, "ਰੱਜੋ, ਤੂੰ ਦੱਸ, ਤੇਰਾ ਅੱਬੂ ਤਾਂ ਹਰ ਰੋਜ਼ ਹੁੱਕਾ ਪੀਂਦਾ ਗੁੜ ਗੁੜ ਕਰਦਾ ਹੈ।"

ਉਹ ਝੱਟ ਬੋਲ ਪਈ, "ਹੁੱਕਾ ਮੇਰਾ ਅੱਬੂ ਪੀਂਦਾ ਹੈ। ਮੇਰੀ ਮਾਂ ਤਾਂ ਨਹੀਂ ਪੀਂਦੀ। ਇਸ ਨੇ ਤਾਂ ਜ਼ਨਾਨੀ ਹੁੱਕਾ ਪੀਂਦੀ ਦੇਖੀ ਹੈ। ਮੈਨੂੰ ਤਾਂ ਪਤਾ ਨਹੀਂ ਲੱਗਦਾ ਇਸ ਦੀ ਬਾਤ ਦਾ।" ਇਸ ਗੱਲ ਤੇ ਸਾਰੀਆਂ ਹੱਸ ਪਈਆਂ ਤੇ ਮੈਨੂੰ ਕਹਿਣ ਲੱਗੀਆਂ, "ਇਹ ਬਾਤ ਗਲਤ ਹੈ। ਆਦਮੀ ਹੁੱਕਾ ਪੀਂਦੇ ਹਨ। ਜ਼ਨਾਨੀਆਂ ਹੁੱਕਾ ਪੀਂਦੀਆਂ ਕਦੀ ਨਹੀਂ ਦੇਖੀਆਂ।" ਮੈਂ ਕਿਹਾ, "ਬਾਤ ਤਾਂ ਬਿਲਕੁਲ ਠੀਕ ਹੈ।" ਫਿਰ ਸਾਰੀਆਂ ਨੇ ਮੇਰੇ 'ਤੇ ਜ਼ੋਰ ਪਾ ਕੇ ਇਸ ਦਾ ਜਵਾਬ ਪੁੱਛਿਆ।

ਜਦ ਮੈਂ 'ਰੇਲਗੱਡੀ' ਕਿਹਾ ਤਾਂ ਸਾਰੀਆਂ ਸਹੇਲੀਆਂ ਹੈਰਾਨੀ ਨਾਲ ਮੇਰੇ ਵੱਲ ਵੇਖਣ ਲੱਗ ਪਈਆਂ। ਮੈਂ ਉਨ੍ਹਾਂ ਨੂੰ ਲੋਹੇ ਦੀਆਂ ਲੀਹਾਂ 'ਤੇ ਭੱਜੀ ਜਾਂਦੀ ਤੇ ਧੂੰਆਂ ਛੱਡਦੀ ਰੇਲਗੱਡੀ ਬਾਰੇ ਦੱਸਿਆ। ਉਹ ਮੇਰੀ ਇਸ ਜਾਣਕਾਰੀ ਤੇ ਬੜੀਆਂ ਹੀ ਹੈਰਾਨ ਹੋਈਆਂ। ਮੈਨੂੰ ਰੱਜੋ ਕਹਿਣ ਲੱਗੀ, "ਭੈਣੇ ਅਸੀਂ ਤਾਂ ਪੜ੍ਹੀਆਂ ਨਹੀਂ। ਆਪਣੇ ਪਿੰਡ ਤੋਂ ਬਿਨਾਂ ਅਸੀਂ ਕਿਤੇ ਗਈਆਂ ਨਹੀਂ। ਰੇਲ ਗੱਡੀਆਂ ਅਸੀਂ ਵੇਖੀਆਂ ਨਹੀਂ। ਅਸੀਂ ਤਾਂ ਆਪਣੇ ਪਿੰਡ ਦੇ ਖੂਹ ਦੀਆਂ ਡੱਡਾਂ ਹਾਂ।"

ਮੈਂ ਉਸ ਵੇਲੇ ਆਪਣੇ ਆਪ ਨੂੰ ਇਕ ਖਾਸ ਹੀ ਕੁੜੀ ਸਮਝ ਰਹੀ ਸਾਂ। ਮੇਰੀ ਨਾਨੀ, ਮਾਸੀ ਜਾਂ ਹੋਰ ਕਿਸੇ ਸਿਆਣੀ ਜ਼ਨਾਨੀ ਨੇ ਸਾਨੂੰ ਕਈ ਵਾਰੀ ਕਹਿਣਾ, "ਦਿਨ ਨੂੰ ਬਾਤਾਂ ਨਾ ਪਾਵੋ ਕੁੜੀਓ। ਦਿਨ ਨੂੰ ਬਾਤਾਂ ਪਾਉਣ ਤੇ ਰਾਹੀ ਤੇ ਮਾਮੇ ਰਾਹ ਭੁੱਲ ਜਾਂਦੇ ਹਨ।"

ਪਰ ਸਾਡਾ ਜਵਾਬ ਹੁੰਦਾ, "ਭਲਾ ਬਾਤਾਂ ਅਸੀਂ ਇਥੇ ਪਾਉਂਦੀਆਂ ਹਾਂ ਤੇ ਕਿਤੇ ਹੋਰ ਥਾਂ ਜਾ ਰਹੇ ਰਾਹੀ ਤੇ ਮਾਮੇ ਰਾਹ ਕਿਵੇਂ ਭੁੱਲ ਜਾਣਗੇ। ਤੁਸੀਂ ਤਾਂ ਐਵੇਂ ਹੀ ਸਾਨੂੰ ਬਾਤਾਂ ਪਾਉਣ ਤੋਂ ਹਟਾਉਂਦੀਆਂ ਹੋ।" ਫਿਰ ਅਸੀਂ ਸਾਰੀਆਂ ਨੇ ਉਚੀ ਉਚੀ ਹੱਸਣ ਲੱਗ ਜਾਣਾ।

ਇਕ ਦਿਨ ਜਾਂਦਿਆਂ-ਜਾਂਦਿਆਂ ਇਕ ਗੁਆਂਢਣ ਨਾਨੀ ਨੇ ਕਿਹਾ, "ਸਤੌਲਾਂ ਜਦ ਇਕੱਠੀਆਂ ਹੋ ਜਾਂਦੀਆਂ ਹਨ ਤਾਂ ਕਿਸੇ ਦੀ ਗੱਲ ਕਿਹੜਾ ਮੰਨਦੀਆਂ ਹਨ। ਸਗੋਂ ਅੱਗੋਂ ਦੰਦ ਕੱਢਣ ਲੱਗ ਜਾਂਦੀਆਂ ਹਨ।" ਅਸੀਂ ਹੋਰ ਉਚੀ ਉਚੀ ਹੱਸਣ ਲੱਗ ਪਈਆਂ। ਉਹ ਚੁੱਪ ਕਰਕੇ ਅੱਗੇ ਚਲੀ ਗਈ। ਇਕ ਦਿਨ ਖੇਡਦਿਆਂ ਖੇਡਦਿਆਂ ਮੈਨੂੰ ਬੜੀ ਭੁੱਖ ਲੱਗੀ। ਮੈਂ ਭੱਜੀ ਭੱਜੀ ਆਪਣੇ ਘਰ ਆ ਗਈ ਅਤੇ ਆਪਣੀ ਨਾਨੀ ਨੂੰ ਛੇਤੀ ਰੋਟੀ ਦੇਣ ਲਈ ਕਿਹਾ। ਮੇਰੀ ਨਾਨੀ ਜਾਣਦੀ ਸੀ ਕਿ ਇਸ ਵੇਲੇ ਇਹ ਸ਼ੱਕਰ ਘਿਉ ਨਾਲ ਜਾਂ ਰੋਟੀ ਤੇ ਮੱਖਣ 'ਤੇ ਚਿੱਬੜਾਂ ਦੀ ਚੱਟਨੀ ਰਲਾ ਕੇ ਜਾਂ ਚੂਰੀ ਕੁੱਟ ਕੇ ਰੋਟੀ ਖਾਂਦੀ ਹੁੰਦੀ ਹੈ। ਮੇਰੀ ਨਾਨੀ ਨੇ ਸ਼ੱਕਰ ਵਿਚ ਘਿਉ ਰਲ੍ਹਾ ਕੇ ਰੋਟੀ ਵਾਲੀ ਥਾਲ੍ਹੀ ਮੇਰੇ ਅੱਗੇ ਕਰ ਦਿੱਤੀ।

ਮੈਂ ਰੋਟੀ ਵਾਲੀ ਥਾਲ੍ਹੀ ਲੈ ਕੇ ਬਾਹਰ ਵਿਹੜੇ ਵਿਚ ਡਹੇ ਹੋਏ ਮੰਜੇ 'ਤੇ ਬੈਠ ਗਈ ਤੇ ਬੜੇ ਮਜ਼ੇ ਨਾਲ ਰੋਟੀ ਖਾਣ ਲੱਗ ਪਈ। ਉਸੇ ਵੇਲੇ ਮੇਰੀ ਨਾਨੀ ਕਹਿਣ ਲੱਗੀ, "ਬਾਹਰ ਆਸਮਾਨ 'ਤੇ ਇੱਲਾਂ ਉਡ ਰਹੀਆਂ ਹਨ। ਤੂੰ ਅੰਦਰ ਬੈਠ ਕੇ ਰੋਟੀ ਖਾ ਲੈ। ਇੱਲ ਰੋਟੀ ਤੇ ਬੜੀ ਛੇਤੀ ਝਪਟ ਮਾਰਦੀ ਹੈ ਤੇ ਖਾਣ ਵਾਲੇ ਨੂੰ ਆਪਣੀ ਚੁੰਝ ਨਾਲ ਬੁਰੀ ਤਰ੍ਹਾਂ ਜ਼ਖਮੀ ਕਰ ਜਾਂਦੀ ਹੈ।" ਪਰ ਮੇਰੀ ਨਿਆਣੀ ਮੱਤ, ਮੈਂ ਆਪਣੀ ਨਾਨੀ ਦੀ ਗੱਲ ਅਣਗੌਲੀ ਕਰ ਦਿੱਤੀ। ਮੈਂ ਉਸੇ ਥਾਂ ਬੈਠੀ ਰੋਟੀ ਖਾਂਦੀ ਰਹੀ।

ਨਾਨੀ ਨੇ ਫਿਰ ਅੰਦਰ ਜਾਣ ਲਈ ਕਿਹਾ। ਪਰ ਮੈਂ ਉਚੀ ਤੇ ਕੁਝ ਗੁੱਸੇ ਵਾਲੀ ਆਵਾਜ਼ ਵਿਚ ਕਿਹਾ, "ਇੱਲਾਂ ਤਾਂ ਆਸਮਾਨ ਵਿਚ ਬਹੁਤ ਉਚੀਆਂ ਘੇਰਾ ਜਿਹਾ ਬਣਾ ਕੇ ਉਡ ਰਹੀਆਂ ਹਨ। ਨਾਨੀ ਤੂੰ ਤਾਂ ਐਵੇਂ ਹੀ ਇਨ੍ਹਾਂ ਇੱਲਾਂ ਤੋਂ ਡਰੀ ਜਾਂਦੀ ਹੈਂ।"

ਸ਼ੱਕਰ ਘਿਉ ਨਾਲ ਰੋਟੀ ਖਾਂਦਿਆਂ ਆਪਣੀਆਂ ਸਹੇਲੀਆਂ ਤੇ ਖੇਡਣ ਨੂੰ ਮੈਂ ਆਪਣੀ ਯਾਦ ਵਿਚੋਂ ਹੀ ਕੱਢ ਦਿੱਤਾ ਸੀ ਕਿ ਮੇਰੇ ਸਿਰ 'ਤੇ ਫਰਰ ਫਰਰ ਕਰਦਾ ਕੁਝ ਇੰਨੇ ਜ਼ੋਰ ਨਾਲ ਡਿੱਗਾ ਕਿ ਮੈਂ ਮੰਜੇ ਤੋਂ ਹੇਠਾਂ ਡਿੱਗ ਪਈ ਤੇ ਮੇਰੀਆਂ ਚੀਕਾਂ ਨਿਕਲ ਗਈਆਂ। ਮੇਰੀਆਂ ਅੱਖਾਂ ਅੱਗੇ ਤਾਰੇ ਜਿਹੇ ਘੁੰਮ ਰਹੇ ਸਨ। ਮੇਰੇ ਸਿਰ ਦੇ ਵਿਚਕਾਰੋਂ ਖ਼ੂਨ ਦੇ ਤੁਪਕੇ ਧਰਤੀ 'ਤੇ ਡਿੱਗ ਰਹੇ ਸਨ। ਇੱਲ ਪਤਾ ਨਹੀਂ ਕਦੋਂ ਤੇ ਕਿਵੇਂ ਆਪਣੀ ਤਿੱਖੀ ਜਿਹੀ ਚੁੰਝ ਨਾਲ ਮੇਰੀ ਰੋਟੀ ਖੋਹ ਕੇ ਕਿੱਥੇ ਉਡ ਗਈ ਸੀ। ਮੇਰੀ ਨਾਨੀ ਤੇ ਮਾਸੀ ਚੀਕਾਂ ਮਾਰਦੀਆਂ ਭੱਜੀਆਂ ਆਈਆਂ। ਮੈਨੂੰ ਪਾਣੀ ਪਿਲਾਇਆ। ਮੈਂ ਉਚੀ-ਉਚੀ ਰੋ ਰਹੀ ਸਾਂ। ਮੇਰੀ ਨਾਨੀ ਤੇ ਮਾਸੀ ਮੇਰਾ ਹੱਥ ਫੜ ਕੇ ਨਾਲ ਦੀ ਗਲੀ ਵਿਚ ਕਿ ਹਕੀਮ ਪਾਸ ਲੈ ਗਈਆਂ। ਮੈਨੂੰ ਰੋਂਦੀ ਤੇ ਮੇਰੇ ਸਿਰ ਵਿਚੋਂ ਖ਼ੂਨ ਵਗਦਾ ਦੇਖ ਕੇ ਮੇਰੀ ਨਾਨੀ ਤੇ ਮਾਸੀ ਨਾਲ ਸੱਤ-ਅੱਠ ਗੁਆਂਢਣਾਂ ਤੇ ਮੇਰੀਆਂ ਸਹੇਲੀਆਂ ਜੋ ਗਲੀ ਵਿਚ ਖੇਡਦੀਆਂ ਸਨ ਸਾਡੇ ਨਾਲ ਹੀ ਹਕੀਮ ਦੀ ਦੁਕਾਨ ਤੇ ਆ ਗਈਆਂ ਸਨ। ਮੇਰੀਆਂ ਕਈ ਸਹੇਲੀਆਂ ਤਾਰੋ, ਬਚਨੋ ਤੇ ਰੱਜੋ ਤਾਂ ਮੈਨੂੰ ਰੋਂਦੀ ਨੂੰ ਦੇਖ ਕੇ ਰੋਣ ਹੀ ਲੱਗ ਪਈਆਂ। ਹਕੀਮ ਨੇ ਮੈਨੂੰ ਬੜਾ ਦਿਲਾਸਾ ਦਿੱਤਾ ਤੇ ਕਹਿਣ ਲੱਗਾ, "ਸਾਡੀ ਦੋਹਤਰੀ ਦੇ ਇੱਲ ਠੂੰਗਾ ਮਾਰ ਗਈ। ਰੋਣਾ ਨਹੀਂ ਕੁੜੇ। ਤੂੰ ਹੁਣੇ ਹੀ ਠੀਕ ਹੋ ਜਾਵੇਂਗੀ।" ਮੈਂ ਫਿਰ ਹੋਰ ਉਚੀ ਰੋਣਾ ਸ਼ੁਰੂ ਕਰ ਦਿੱਤਾ। ਹਕੀਮ ਨੇ ਮੇਰੇ ਸਿਰ ਵਿਚੋਂ ਨਿਕਲ ਰਿਹਾ ਖ਼ੂਨ ਸਾਫ਼ ਕਰਕੇ ਰੂੰ ਦੇ ਫੰਬੇ ਨੂੰ ਦੁਆਈ ਲਗਾ ਕੇ ਜ਼ਖ਼ਮ ਤੇ ਰੱਖ ਦਿੱਤਾ। ਇਕੋ ਖਾਕੀ ਜਿਹੀ ਦੁਆਈ ਦੀ ਪੁੜੀ ਪਾਣੀ ਨਾਲ ਦੇ ਦਿੱਤੀ ਤੇ ਚਾਰ ਪੁੜੀਆਂ ਬਣਾ ਕੇ ਸੁਬ੍ਹਾ-ਸ਼ਾਮ ਰੋਟੀ ਖਾਣ ਤੋਂ ਪਿੱਛੋਂ ਪਾਣੀ ਨਾਲ ਦੇਣ ਲਈ ਮੇਰੀ ਨਾਨੀ ਨੂੰ ਕਹਿ ਦਿੱਤਾ। ਜਦ ਮੇਰੀ ਨਾਨੀ ਆਪਣੀ ਜੇਬ ਵਿਚੋਂ ਪੈਸੇ ਕੱਢ ਕੇ ਹਕੀਮ ਨੂੰ ਦੇਣ ਲਈ ਅੱਗੇ ਹੋਈ ਤਾਂ ਉਹ ਆਪਣੀ ਥਾਂ ਤੋਂ ਪਿੱਛੇ ਹੋ ਕੇ ਕਹਿਣ ਲੱਗਾ, "ਦੋਹਤਰੀ ਦੀ ਦੁਆਈ ਦੇ ਮੈਂ ਪੈਸੇ ਲਵਾਂਗਾ। ਕਦੀ ਵੀ ਨਹੀਂ। ਇਹ ਪੈਸੇ ਆਪਣੀ ਜੇਬ ਵਿਚ ਹੀ ਪਾ ਲਓ।"

ਦੁਆਈ ਲੈ ਕੇ ਮੈਨੂੰ ਕੁਝ ਚੈਨ ਜਿਹੀ ਆ ਗਈ। ਪਰ ਜਦ ਵੀ ਕੋਈ ਇਸ ਦਾ ਨਾਮ ਲੈਂਦਾ, ਮੈਂ ਉਚੀ ਉਚੀ ਰੋਣਾ ਸ਼ੁਰੂ ਕਰ ਦਿੰਦੀ। ਮੇਰੇ ਨਾਨਕੇ ਘਰ ਦੇ ਸਾਰੇ ਲੋਕ, ਔਰਤਾਂ ਤੇ ਮੇਰੀਆਂ ਸਹੇਲੀਆਂ ਮੇਰਾ ਹਾਲ ਚਾਲ ਕਿੰਨੇ ਹੀ ਦਿਨ ਪੁੱਛਦੇ ਰਹੇ। ਮੇਰੀਆਂ ਸਹੇਲੀਆਂ ਇੱਲਾਂ ਨੂੰ ਕਿੰਨੇ ਦਿਨ ਗਾਲ੍ਹਾਂ ਕੱਢਦੀਆਂ ਰਹੀਆਂ। ਉਨ੍ਹਾਂ ਦੀਆਂ ਉਹ ਗਾਲ੍ਹਾਂ ਯਾਦ ਕਰਕੇ ਅੱਜ ਵੀ ਮੈਨੂੰ ਕਈ ਵਾਰ ਇਕੱਲੀ ਨੂੰ ਹਾਸਾ ਆ ਜਾਂਦਾ ਹੈ।

ਅੱਜ ਮੈਂ ਸੋਚਦੀ ਹਾਂ, ਬੜਾ ਹੀ ਸੋਚਦੀ ਹਾਂ ਕਿ ਉਨ੍ਹਾਂ ਦਿਨਾਂ ਤੇ ਅੱਜ ਦੇ ਦਿਨਾਂ ਦਾ ਕਿੰਨਾ ਅੰਤਰ ਹੈ। ਉਨ੍ਹਾਂ ਵੇਲਿਆਂ ਦੀ ਇੱਲ ਦੀ ਇਕ ਝਪਟ ਨੇ ਮੇਰੇ ਨਾਨਕਿਆਂ ਦੀ ਸਾਰੀ ਗਲ੍ਹੀ ਦੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਪਰ ਅੱਜ ਦੇ ਸਮਾਜ ਵਿਚ ਸਾਡੀਆਂ ਧੀਆਂ ਭੈਣਾਂ ਨਾਲ ਕੀ ਕੁਝ ਨਹੀਂ ਹੋ ਰਿਹਾ। ਹਰ ਰੋਜ਼ ਜਦ ਅਖ਼ਬਾਰਾਂ ਵਿਚ ਲੜਕੀਆਂ ਨਾਲ ਬਲਾਤਕਾਰ ਦੀਆਂ ਖ਼ਬਰਾਂ ਆਉਂਦੀਆਂ ਹਨ ਤੇ ਛੋਟੀਆਂ-ਛੋਟੀਆਂ ਭੋਲ੍ਹੀਆਂ ਭਾਲ੍ਹੀਆਂ ਕੋਮਲ ਜਿਹੀਆਂ ਬੱਚੀਆਂ ਨੂੰ ਮੌਤ ਦੇ ਮੂੰਹ ਵਿਚ ਧੱਕ ਦਿੱਤਾ ਜਾਂਦਾ ਹੈ। ਅੱਜ ਗਲ੍ਹੀਆਂ ਵਿਚ ਖੇਡਦੇ ਬੱਚੇ ਅਲੋਪ ਹੋ ਰਹੇ ਹਨ। ਉਨ੍ਹਾਂ ਦੇ ਸੱਚੇ ਸੁੱਚੇ ਹਾਸੇ ਸਾਨੂੰ ਸੁਣਨ ਨੂੰ ਨਹੀਂ ਮਿਲ ਰਹੇ। ਬੱਚਿਆਂ ਤੋਂ ਬਿਨਾਂ ਗਲ੍ਹੀਆਂ ਸੁੰਨੀਆਂ ਰਹਿੰਦੀਆਂ ਹਨ। ਸੁੰਨੇਪਨ ਦਾ ਡਰਾਉਣਾ ਦ੍ਰਿਸ਼ ਕਿੰਨਾ ਦੁਖਦਾਈ ਲੱਗਦਾ ਹੈ। ਖੇਲ ਰਹੇ ਬੱਚਿਆਂ ਨੂੰ ਅਗਵਾ ਕਰਕੇ ਫਿਰੌਤੀਆਂ ਮੰਗਦੀਆਂ ਜਾਂਦੀਆਂ ਹਨ। ਫਿਰੌਤੀ ਨਾ ਦੇਣ ਦੀ ਹਾਲਤ ਵਿਚ ਬੱਚਿਆਂ ਦੀਆਂ ਲਾਸ਼ਾਂ ਮਿਲਦੀਆਂ ਹਨ। ਕਿੰਨਾ ਦਹਿਲ ਵਾਲਾ ਸੀਨ ਹੁੰਦਾ ਹੈ। ਅਖ਼ਬਾਰਾਂ ਵਿਚ ਇਹ ਸਭ ਕੁਝ ਪੜ੍ਹਕੇ ਮੈਨੂੰ ਨਾਨਕਿਆਂ ਵਾਲੀ ਇੱਲ ਦੀ ਯਾਦ ਤਾਜ਼ਾ ਹੋ ਜਾਂਦੀ ਹੈ। ਮੈਂ ਅੱਜ ਵੀ ਇੱਲਾਂ ਦੇ ਨਾਮ ਤੋਂ ਡਰਦੀ ਹਾਂ। ਅੱਜ ਭਾਵੇਂ 'ਇੱਲਾਂ' ਅਸਮਾਨ ਵਿਚ ਨਹੀਂ ਉਡਦੀਆਂ, ਪਤਾ ਨੀ ਇਹ ਕਿੱਥੇ ਗਾਇਬ ਹੋ ਗਈਆਂ ਹਨ?

ਪਰ ਇਹ ਗਾਇਬ ਨਹੀਂ ਹੋਈਆਂ। ਇਹ ਤਾਂ ਸਗੋਂ ਅਸਮਾਨ ਵਿਚੋਂ ਉਡਣਾ ਬੰਦ ਕਰਕੇ ਧਰਤੀ 'ਤੇ ਆ ਗਈਆਂ ਹਨ। ਉਨ੍ਹਾਂ ਨੇ ਤਾਂ ਅੱਜ ਘਰਾਂ ਵਿਚ, ਗਲੀਆਂ ਦੇ ਮੋੜਾਂ ਤੇ, ਚੁਰੱਸਤਿਆਂ ਵਿਚ, ਸਕੂਲਾਂ, ਕਾਲਜਾਂ ਅਤੇ ਸਰਕਾਰੀ ਦਫ਼ਤਰਾਂ ਵਿਚ ਆ ਕੇ ਬੜੀ ਆਜ਼ਾਦੀ ਨਾਲ ਵਿਚਰਨਾ ਸ਼ੁਰੂ ਕਰ ਦਿੱਤਾ ਹੈ। ਅੱਜ ਉਹ ਰੋਟੀ 'ਤੇ ਹੀ ਝਪਟ ਨਹੀਂ ਮਾਰਦੀਆਂ, ਸਗੋਂ ਉਹ ਆਪਣੇ ਸ਼ਿਕਾਰ ਦਾ ਮਾਸ ਨੋਚ ਕੇ ਖਾਂਦੀਆਂ ਤੇ ਲਹੂ ਪੀਂਦੀਆਂ ਹਨ। ਮਾਬ ਾਪਰ ੇਦੀਂ ਪੱਟਦੇਕ ਾਨ੍ਹੂਨਅ ਗੋਵ ਾਸਤੇ ਪਾਉਂਦੇ ਹਨ। ਪਰ ਲੋਕਾਂ ਦੀ ਰਾਖੀ ਕਰਨ ਵਾਲੇ ਉਨ੍ਹਾਂ ਵਿਲਕਦਿਆਂ ਮਾਪਿਆਂ ਨੂੰ ਚੁੱਪ ਕਰਾ ਕੇ ਇਨ੍ਹਾਂ ਇੱਲਾਂ ਦਾ ਹੌਸਲਾ ਬੁਲੰਦ ਕਰਦੇ ਹਨ। ਮਾਂ ਬਾਪ ਦੁਖੀ ਹੋ ਕੇ ਸੋਚਦੇ ਹਨ ਕਿ ਜੋ ਹੋ ਗਿਆ ਸੋ ਹੋ ਗਿਆ। ਇਕੱਲੇ ਇਕੱਲੇ ਰੌਲ੍ਹਾ ਪਾਵਾਂਗੇ ਤਾਂ ਇੱਲਾਂ ਦੇ ਝੁੰਡ ਸਾਡੇ 'ਤੇ ਹੋਰ ਝਪਟਣਗੇ। ਇਨ੍ਹਾਂ ਇੱਲਾਂ ਨੇ ਤਾਂ ਜੰਗਲ ਦਾ ਰਾਜ ਬਣਾਇਆ ਹੋਇਆ ਹੈ। ਮੈਂ ਸੋਚਦੀ ਹਾਂ, ਲੋਕਾਂ ਦੇ ਇਕੱਠ ਦਾ ਸ਼ੇਰ ਜੰਗਲ ਵਿਚ ਛੱਡ ਕੇ ਇੱਲਾਂ ਦੀਆਂ ਚੁੰਝਾਂ ਕੁਤਰੀਆਂ ਜਾ ਸਕਦੀਆਂ ਹਨ।

# ਮੋਗਾ ਵਿੱਚ ਸਰਾਫਾ ਵਪਾਰੀ ਦੀ ਹੱਤਿਆ ਲੈ ਕੇ 'ਮੋਗਾ ਬੰਦ' ਨੂੰ ਮਿਲਿਆ ਭਰਪੂਰ ਹੁੰਗਾਰਾ

## ਮੈਂ ਇਸ ਦੁੱਖ ਦੀ ਘੜੀ ਵਿੱਚ ਵਿੱਕੀ ਵੀਰ ਦੇ ਪਰਿਵਾਰ ਨਾਲ ਖੜ੍ਹੀ ਹਾਂ ਅਤੇ ਭਰੋਸਾ ਦਿਵਾਉਂਦੀ ਹਾਂ ਕਿ ਦੋਸ਼ੀਆਂ ਸਖਤ ਤੋਂ ਸਖਤ ਸਜਾ ਦਿੱਤੀ ਜਾਵੇਗੀ -ਡਾ. ਅਮਨਦੀਪ ਕੌਰ ਅਰੋੜਾ

ਮੋਗਾ/ 13 ਜੂਨ 2023/ ਭਵਨਦੀਪ ਸਿੰਘ



ਮੋਗਾ ਵਿਖੇ ਬੀਤੇ ਦਿਨੀ ਦਿਲ ਦਹਿਲਾ ਦੇਣ ਵਾਲੀ ਘਟਨਾ ਜਿਸ ਵਿੱਚ ਸੋਨੇ ਦੇ ਵਪਾਰੀ ਵਿੱਕੀ ਨੂੰ ਗੋਲੀਆਂ ਮਾਰ ਕੇ ਫਰਾਰ ਹੋ ਗਏ ਸਨ ਉਸ ਸਬੰਧ ਵਿੱਚ ਸਰਾਫਾ ਬਾਜਾਰ ਦੇ ਦੁਕਾਨਦਾਰਾ ਦੇ ਸੱਦੇ ਤੇ ਮੋਗਾ ਬੰਦ ਨੂੰ ਭਰਪੂਰ ਹੁੰਗਾਰਾ ਮਿਲਿਆ। ਵੱਖ-ਵੱਖ ਧਾਰਮਿਕ, ਸਮਾਜਿਕ ਸੰਸਥਾਵਾ, ਅਹਿਮ ਜਥੇਬੰਦੀਆਂ ਅਤੇ ਸਿਆਸੀ ਪਾਰਟੀਆ ਦੇ ਨੁੰਮਾਇੰਦਿਆ ਨੇ ਹਾਜਰ ਹੋ ਕੇ ਇਸ ਘਟਨਾ ਦੀ ਨਿਖੇਦੀ ਕੀਤੀ ਅਤੇ ਪ੍ਰੀਵਾਰ ਨੂੰ ਇਨਸਾਫ ਦਿਵਾਉਣ ਦੀ ਮੰਗ ਕੀਤੀ। ਸ਼ਹਿਰ ਵਿੱਚ ਸਥਿੱਤ ਗੁ: ਸੰਤ ਗੁਲਾਬ ਸਿੰਘ ਜੀ ਵਿਖੇ ਵਿਸ਼ਾਲ ਇਕੱਠ ਹੋਇਆ ਜਿਸ ਵਿੱਚ ਮੌਜੂਦਾ ਸਰਕਾਰ ਦੇ ਲਾਅ ਅਤੇ ਆਰਡਰ ਤੇ ਸਵਾਲ ਚੁੱਕੇ ਗਏ।



ਮ੍ਰਿਤਕ ਪਰਮਿੰਦਰ ਵਿੱਕੀ ਦੇ ਘਰ ਜਾ ਕੇ ਅਫ਼ਸੋਸ ਪ੍ਰਗਟ ਕਰਦੇ ਹੋਏ ਮੋਗਾ ਦੇ ਵਿਧਾਇਕ ਡਾਕਟਰ ਅਮਨਦੀਪ ਕੋਰ ਅਰੋੜਾ।

ਇਸ ਘਟਨਾ ਸਬੰਧੀ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਮੋਗਾ ਦੇ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੇ ਕਿਹਾ ਕਿ ਬੀਤੇ ਦਿਨੀ ਜੋ ਰਾਮ ਗੰਜ ਵਿਖੇ ਏਸ਼ੀਆ ਜਿਊਲਰਜ ਦੇ ਮਾਲਕ ਪਰਮਿੰਦਰ ਵਿੱਕੀ ਦੀ ਅਣਛਪਾਤੇ ਵਿਅਕਤੀਆਂ ਵੱਲੋਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ, ਇਸ ਦੀ ਮੈਂ ਸਖਤ ਸ਼ਬਦਾਂ ਵਿੱਚ ਨਿੰਦਿਆ ਕਰਦੀ ਹਾਂ ਅਤੇ ਇਸ ਦੁੱਖ ਦੀ ਘੜੀ ਵਿੱਚ ਮੈਂ ਵਿੱਕੀ ਵੀਰ ਦੇ ਪਰਿਵਾਰ ਨਾਲ ਖੜੀ ਹਾਂ। ਉਨ੍ਹਾਂ ਕਿਹਾ ਕਿ ਮੈਂ ਭਰੋਸਾ ਦਿਵਾਉਂਦੀ ਹਾਂ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜਾ ਦਿੱਤੀ ਜਾਵੇਗੀ। ਉਨ੍ਹਾਂ ਨੇ ਮੋਗਾ ਵਾਸੀਆਂ ਨੂੰ ਅਮਨ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ। ਇਸ ਸਬੰਧ ਵਿੱਚ ਸੁਖਚੈਨ ਸਿੰਘ ਰਾਮੂੰਵਾਲੀਆ ਨੇ ਦੱਸਿਆ ਕਿ ਕੱਲ੍ਹ ਦੋ ਵਜੇ ਦੀ ਵਾਰਦਾਤ ਹੋਈ ਹੈ ਪਰ ਅਜੇ ਤੱਕ ਪਰਿਵਾਰ ਨੂੰ ਕੋਈ ਵੀ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਦੱਸਿਆ ਕਿ ਅੱਜ ਸਮੂਹ ਸਵਰਨਕਾਰ ਸੰਘ ਅਤੇ ਭਰਾਤਰੀ ਜਥੇਬੰਦੀਆ ਵੱਲੋਂ ਐਸ.ਐਸ.ਪੀ. ਮੋਗਾ ਨੂੰ ਮਿਲ ਕੇ ਮੰਗ ਪੱਤਰ ਦਿੱਤਾ ਗਿਆ ਹੈ।




ਮੋਗਾ ਬੰਦ ਦੇ ਇਸ ਸਮਾਗਮ ਮੌਕੇ ਸਵਰਨਕਾਰ ਸੰਘ ਪੰਜਾਬ ਦੇ ਪ੍ਰਧਾਨ ਕਰਤਾਰ ਸਿੰਘ ਜੌੜਾ, ਵਪਾਰ ਮੰਡਲ ਪੰਜਾਬ ਦੇ ਪ੍ਰਧਾਨ ਅਮਿਤ ਕਪੂਰ, ਆਲ ਇੰਡੀਆ ਐਸੋਸੀਏਸ਼ਨ ਦੇ ਪ੍ਰਧਾਨ ਕਸ਼ਮੀਰ ਸਿੰਘ ਰਾਜਪੂਤ, ਪੰਜਾਬ ਪ੍ਰਧਾਨ ਨਾਮੇ ਸ਼ਾਹ, ਸਵਰਨਕਾਰ ਸੰਘ ਮੋਗਾ ਦੇ ਪ੍ਰਧਾਨ ਬਲਬੀਰ ਸਿੰਘ ਰਾਮੂਵਾਲੀਆ, ਸੈਕਟਰੀ ਪੰਜਾਬ ਸੁਖਚੈਨ ਸਿੰਘ ਰਾਮੂੰਵਾਲੀਆ, ਡਾ. ਸੀਮਾਂਤ ਗਰਗ, ਡਾ. ਮਾਲਤੀ ਥਾਪਰ, ਕਾਂਗਰਸ ਦੀ ਜਿਲ੍ਹਾ ਮੀਤ-ਪ੍ਰਧਾਨ ਮਾਲਵਿਕਾ ਸੂਦ, ਸਾਬਕਾ ਸਰਪੰਚ ਹਰਭਜਨ ਸਿੰਘ ਬਹੋਨਾ, ਮਹਿੰਦਰਪਾਲ ਲੂੰਬਾ, ਗੁਰਸੇਵਕ ਸਿੰਘ ਸੰਨਿਆਸੀ, ਰੂਰਲ ਐਨ.ਜੀ.ਓ. ਦੇ ਪ੍ਰਧਾਨ ਹਰਭਿੰਦਰ ਸਿੰਘ ਜਾਨੀਆ, 'ਮਹਿਕ ਵਤਨ ਦੀ ਲਾਈਵ' ਬਿਓਰੋ ਤੋਂ ਇਕਬਾਲ ਸਿੰਘ ਖੋਸਾ ਅਤੇ ਮਨਮੋਹਨ ਸਿੰਘ ਚੀਮਾ, ਡਾ. ਸਰਬਜੀਤ ਕੌਰ ਬਰਾੜ, ਕਾਕਾ ਮੁਨਣ, ਕੌਂਸਲਰ ਅਰਵਿੰਦਰ ਸਿੰਘ ਹੈਪੀ ਕਾਨਪੁਰੀਆ, ਕੌਂਸਲਰ ਬਲਜੀਤ ਸਿੰਘ ਚਾਨੀ, ਚੈਅਰਮੈਨ ਹਰਜਿੰਦਰ ਸਿੰਘ ਰੋਡੇ, ਦਵਿੰਦਰ ਸਿੰਘ ਰਣੀਆਂ, ਮੁਖਤਿਆਰ ਸਿੰਘ (ਰਿਟਾ. ਐੱਸ ਪੀ), ਵਿਜੈ ਸਾਥੀ, ਕੌਂਸਲਰ ਗੌਰਵ ਗੁਪਤਾ ਗੁੱਡੂ, ਰਾਜਿੰਦਰ ਸਿੰਘ ਡੱਲਾ, ਰਣਵਿੰਦਰ ਸਿੰਘ ਪੱਪੂ ਰਾਮੂਵਾਲਾ, ਮਨਜੀਤ ਧੰਮੂ, ਗੁਰਜੰਟ ਸਿੰਘ ਰਾਮੂੰਵਾਲਾ, ਡਾ. ਪਵਨ ਥਾਪਰ, ਕੌਂਸਲਰ ਪ੍ਰੇਮ ਚੰਦ, ਕੌਂਸਲਰ ਗੋਵਰਧਨ ਪੋਪਲੀ, ਕੌਂਸਲਰ ਮਨਜੀਤ ਮਾਨ, ਭੁਪਿੰਦਰ ਸਿੰਘ ਸਾਹਕੋ, ਗੁਰਨਾਮ ਗਾਮਾ, ਸੋਨੂੰ ਕੜਵੱਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸ਼ਹਿਰ ਦੇ ਪਤਵੰਤੇ ਸੱਜਣ ਇਸ ਰੋਸ ਇਕੱਠ ਵਿਚ ਸ਼ਾਮਿਲ ਹੋਏ।

## ਤਸਵੀਰਾਂ ਬੋਲਦੀਆਂ



'ਮੇਰਾ ਬਾਬਾ ਨਾਨਕ' ਫਿਲਮ ਦੇਖਣ ਸਮੇਂ ਯਾਦਗਾਰੀ ਤਸਵੀਰ ਵਿੱਚ ਰੂਰਲ ਐਨ.ਜੀ.ਓ. ਦੇ ਵਿਦਿਆਰਥੀ, ਅਹੁੱਦੇਦਾਰ ਅਤੇ ਸਹਿਯੋਗੀ ਸੱਜਣ ਮਿੱਤਰ। ਫੋਟੋ: ਇਕਬਾਲ ਖੋਸਾ




'ਮੇਰਾ ਬਾਬਾ ਨਾਨਕ' ਫਿਲਮ ਦੇਖਣ ਦੀ ਪ੍ਰਮੋਸ਼ਨ ਕਰਨ ਸਮੇਂ ਯਾਦਗਾਰੀ ਤਸਵੀਰ ਵਿੱਚ ਰੂਰਲ ਐਨ.ਜੀ.ਓ. ਦੇ ਜਿਲ੍ਹਾ ਪ੍ਰੈਸ ਸਕੱਤਰ ਭਵਨਦੀਪ ਸਿੰਘ ਪੁਰਬਾ, ਸਿਟੀ ਯੂਨਿਟ ਦੇ ਚੇਅਰਮੈਨ ਗੁਰਸੇਵਕ ਸਿੰਘ ਸੰਨਿਆਸੀ, ਪ੍ਰਧਾਨ ਸੁਖਦੇਵ ਸਿੰਘ ਬਰਾੜ ਅਤੇ ਹੋਰ ਅਹੁੱਦੇਦਾਰ। ਫੋਟੋ: ਇਕਬਾਲ ਖੋਸਾ

CLASSIFIED ADVT. / ਕਲਾਸੀਫਾਈਡ ਇਸ਼ਤਿਹਾਰ

**ਪਲਾਟ ਵਿਕਾਊ**

ਅੰਮ੍ਰਿਤਸਰ ਰੋਡ (ਸੰਧੂ ਹਸਪਤਾਲ) ਤੋਂ ਕਰੀਬ 1 ਕਿਲੋਮੀਟਰ ਦੀ ਦੂਰੀ ਤੇ ਮੋਗਾ ਵਿਖੇ ਡਿਫੈਂਸ ਰੋਡ ਤੇ ਸਥਿਤ ਸਾਢੇ 7 ਮਰਲੇ (21x80) ਦਾ ਪਲਾਟ ਸਸਤੇ ਰੇਟ ਵਿੱਚ ਵਿਕਾਊ ਹੈ।

ਪਲਾਟ ਖਰੀਦਣ ਦੇ ਚਾਹਵਾਨ ਸੱਜਣ ਜਲਦੀ ਸੰਪਰਕ ਕਰੋ

ਸੰਪਰਕ ਕਰੋ: 98141-21463

ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ: 9988-92-9988

ਜੰਤਰੀਆਂ, ਕੈਲੰਡਰ
ਡਾਇਰੀਆਂ
ਮੈਗਜੀਨ
ਪੁਸਤਕਾਂ ਛਪਵਾਉਣ
ਅਤੇ
ਪੁਸਤਕਾਂ ਪ੍ਰਕਾਸ਼ਿਤ ਕਰਵਾਉਣ ਲਈ ਸੰਪਰਕ ਕਰੋ:

ਮਹਿਕ ਵਤਨ ਦੀ
ਐਡਵੋਟਾਈਜ਼ਮੈਂਟ ਕੰਪਨੀ (ਰਜਿ:)

Help Line:
9988-92-9988
E-mail: mehakwattandi@rediffmail.com
www.mehakwatandilive.com




## ਇਹ ਵੀ ਜਾਣੋਂ


1. ਚੂਹੇ ਅਤੇ ਹਾਥੀ ਵਿਚ ਸਾਂਝਾ ਲੱਛਣ ਕੀ ਹੈ?
2. ਭਾਰਤ ਵਿਚ ਕਿਸ ਰਾਜ ਦੀ ਵਸੋਂ ਘਣਤਾ ਸਭ ਤੋਂ ਵੱਧ ਹੈ?
3. ਕਾਗਜ਼ ਬਣਾਉਣ ਲਈ ਕਿਹੜਾ ਘਾਹ ਵਰਤਿਆ ਜਾਂਦਾ ਹੈ?
4. ਉਹ ਕਿਹੜਾ ਜਾਨਵਰ ਹੈ, ਜਿਹੜਾ ਪਾਣੀ ਤੇ ਥਲ ਦੋਵਾਂ ਵਿਚ ਰਹਿ ਸਕਦਾ ਹੈ?
5. ਦੁਨੀਆਂ ਵਿਚ ਸਭ ਤੋਂ ਵੱਡੇ ਜਾਨਵਰ ਦਾ ਨਾਂਅ ਦੱਸੋ?
6. ਰਾਸ਼ਟਰਪਤੀ ਦੀ ਚੋਣ ਲੜਨ ਲਈ ਕਿੰਨੀ ਉਮਰ ਚਾਹੀਦੀ ਹੈ?
7. ਯੋਜਨਾ ਆਯੋਗ ਦਾ ਪ੍ਰਧਾਨ ਕੌਣ ਹੁੰਦਾ ਹੈ?
8. ਨੈਪੋਲੀਅਨ ਕਿੱਥੋਂ ਦਾ ਸ਼ਾਸ਼ਕ ਸੀ?
9. ਸੱਪ ਦੀ ਜ਼ਹਿਰ ਦੀ ਵਰਤੋਂ ਕਿਨ੍ਹਾਂ ਵਿਚ ਕੀਤੀ ਜਾਂਦੀ ਹੈ?
10. ਧੁੱਪ ਤੋਂ ਸਾਨੂੰ ਕਿਹੜਾ ਵਿਟਾਮਿਨ ਮਿਲਦਾ ਹੈ?

**ਉਤਰ - 1. ਦੋਵੇਂ ਸਜੀਵ ਹਨ, 2. ਕੇਰਲਾ, 3. ਸਵਾਹੀ ਘਾਹ, 4. ਡੱਡੂ, 5. ਨੀਲੀ ਵੇਲ੍ਹ, 6. 35 ਸਾਲ, 7. ਪ੍ਰਧਾਨ ਮੰਤਰੀ, 8. ਫਰਾਂਸ ਦਾ, 9. ਦਵਾਈਆਂ ਵਿਚ, 10. ਵਿਟਾਮਿਨ 'ਡੀ'**

## ਜਾਨਵਰਾਂ ਸੰਬੰਧੀ ਅਨੋਖੀ ਜਾਣਕਾਰੀ


* ਹਾਈਡਰਾ ਅਲੂਣੇ ਪਾਣੀ ਵਿਚ ਰਹਿਣ ਵਾਲਾ ਐਸਾ ਜੀਵ ਹੈ ਜਿਸ ਦਾ ਕੋਈ ਮਲ-ਦੁਆਰ ਨਹੀਂ ਹੁੰਦਾ। ਇਹ ਅਣਪਚਿਆ ਭੋਜਨ ਅਤੇ ਮਲ-ਪਦਾਰਥ ਮੂੰਹ ਰਸਤੇ ਬਾਹਰ ਕੱਢਦਾ ਹੈ।
* ਫਾਈਸੇਲੀਆ ਇਕ ਐਸਾ ਸਮੁੰਦਰੀ ਜੀਵ ਹੈ, ਜਿਸ ਦਾ ਸਰੀਰ ਪਾਰਦਰਸ਼ਕ ਹੁੰਦਾ ਹੈ।
* ਤੰਦੂਆ ਐਸਾ ਜੀਵ ਹੈ ਕਿ ਜਦੋਂ ਕੋਈ ਜਾਨਵਰ ਇਸ 'ਤੇ ਹਮਲਾ ਕਰਦਾ ਹੈ ਤਾਂ ਇਹ ਆਪਣੇ ਅੰਦਰੋਂ ਸਿਆਹੀ ਵਰਗਾ ਤਰਲ ਪਦਾਰਥ ਕੱਢ ਕੇ ਹਮਲਾਵਰ ਦੀਆਂ ਅੱਖਾਂ ਬੰਦ ਕਰ ਦਿੰਦਾ ਹੈ।
* ਮੈਕਸੀਕੋ ਅਤੇ ਅਮਰੀਕਾ ਦੇ ਪੱਛਮ-ਪੂਰਬੀ ਭਾਗ ਵਿਚ ਸਿੰਗੀ ਕਿਰਲੀ (ਕਿਰਲੀ ਜਾਤੀ) ਨਾਂਅ ਦਾ ਐਸਾ ਜੀਵ ਹੈ ਜੋ ਆਪਣੇ 'ਤੇ ਹਮਲਾ ਹੋਣ ਦੀ ਸੂਰਤ ਵਿਚ ਆਪਣੀਆਂ ਅੱਖਾਂ ਵਿਚੋਂ ਲਹੂ ਦੀਆਂ ਤੇਜ਼ ਧਾਰਾਂ ਦੁਸ਼ਮਣ 'ਤੇ ਸੁੱਟਦਾ ਹੈ।
* ਗਿਲਾਮੌਂਸਟਰ ਅਮਰੀਕਾ ਵਿਚ ਪਾਇਆ ਜਾਣ ਵਾਲਾ ਕਿਰਲੀ ਜਾਤੀ ਦਾ ਐਸਾ ਜੀਵ ਹੈ ਜਿਸ ਦੇ ਕੱਟਣ ਨਾਲ ਮਨੁੱਖ ਦੀ ਮੌਤ ਹੋ ਸਕਦੀ ਹੈ।
* ਬ੍ਰਾਜ਼ੀਲ ਦੇ ਜੰਗਲਾਂ ਵਿਚ ਸਲਾਥ ਨਾਂਅ ਦਾ ਐਸਾ ਜੀਵ ਪਾਇਆ ਜਾਂਦਾ ਹੈ ਜੋ ਆਮ ਤੌਰ 'ਤੇ ਰੁੱਖਾਂ ਨਾਲ ਪੁੱਠਾ ਲਟਕਿਆ ਰਹਿੰਦਾ ਹੈ। ਇਸ ਦੀ ਪਕੜ ਐਨੀ ਮਜ਼ਬੂਤ ਹੈ ਕਿ ਗੋਲੀ ਲੱਗਣ 'ਤੇ ਵੀ ਗਲ-ਸੜ ਕੇ ਹੀ ਹੇਠਾਂ ਡਿੱਗਦਾ ਹੈ।
* ਉਤਰੀ ਅਮਰੀਕਾ, ਰੂਸ, ਕੈਨੇਡਾ ਵਿਚ ਮੋਟੇ ਚੂਹੇ ਦੀ ਨੁਹਾਰ ਵਰਗਾ 'ਬੀਵਰ' ਐਸਾ ਜੀਵ ਪਾਇਆ ਜਾਂਦਾ ਹੈ ਜੋ ਦਰਿਆ ਵਿਚ ਸਮੂਹ ਨਾਲ ਮਿਲ ਕੇ ਲੱਕੜੀ ਦੇ ਟੁਕੜਿਆਂ ਨਾਲ 12 ਫੁੱਟ ਤੱਕ ਉਚੀ ਬਣਾਉਟੀ ਝੀਲ ਦਾ ਨਿਰਮਾਣ ਕਰ ਸਕਦਾ ਹੈ।

**ਪਿਆਰੇ ਬੱਚਿਓ ! ਦੱਸੋ ਹੇਠ ਦਿੱਤੇ ਹਾਥੀਆਂ 'ਚੋ ਕਿਹੜਾ ਹਾਥੀ ਬਾਕੀਆ ਨਾਲੋ ਭਿੰਨ ਹੈ ?**




ਉੱਤਰ: 2

**-ਭਾਗਵੰਤੀ ਪੁਰਬਾ**




**ਪਿਆਰੇ ਬੱਚਿਓ ! ਕੀ ਤੁਹਾਨੂੰ ਪਤਾ ਹੈ ਕਿ ਨਾਲ ਦਿੱਤੇ ਗਏ A ਤੋਂ Z ਤੱਕ ਦੇ ਅੱਖਰਾ ਵਿਚੋਂ ਕਿਹੜਾ ਅੱਖਰ ਦੋ ਵਾਰ ਲਿਖਿਆ ਹੈ।**

ਉੱਤਰ: G

**ਪੇਸ਼ਕਸ਼: ਭਾਗਵੰਤੀ ਪੁਰਬਾ**
E-Mail: bhagwanti.purba@gmail.com



## ਮਾਡਲ ਸਕੂਲਾਂ ਦਾ ਮਸਲਾ



ਅੱਜਕਲ੍ਹ ਹਰ ਸ਼ਹਿਰ ਵਿਚ ਮਾਡਲ ਸਕੂਲ ਖੁੰਬਾਂ ਵਾਂਗ ਖੁੱਲ੍ਹ ਰਹੇ ਹਨ। ਇਨ੍ਹਾਂ ਦਾ ਉਦੇਸ਼ ਬੱਚਿਆਂ ਨੂੰ ਸੋਹਣੀਆਂ ਵਰਦੀਆਂ ਵਿਚ ਸਜੇ ਧਜੇ ਟਾਈਆਂ ਬੈਲਟਾਂ ਨਾਲ ਲੈਸ ਸਕੂਲ ਦੀਆਂ ਬੱਸਾਂ ਵਿਚ ਆਉਂਦੇ ਵੇਖਣਾ ਹੈ। ਇਨ੍ਹਾਂ ਦਾ ਮਾਧਿਅਮ ਅੰਗਰੇਜ਼ੀ ਵਿਚ ਹੁੰਦਾ ਹੈ। ਅਸੀਂ ਰੀਸੋ ਰੀਸ ਆਪਣੇ ਬੱਚਿਆਂ ਨੂੰ ਇਨ੍ਹਾਂ ਸਕੂਲਾਂ ਵਿਚ ਭੇਜਦੇ ਹਾਂ ਕਿਉਂਕਿ ਅਸੀਂ ਚਾਹੁੰਦੇ ਹਾਂ ਕਿ ਸਾਡਾ ਬੱਚਾ ਵੀ ਤੋਤੇ ਵਾਂਗ ਸਿਰਫ਼ ਅੰਗਰੇਜ਼ੀ ਹੀ ਬੋਲੇ। ਜਦੋਂ ਨਤੀਜਾ ਨਿਕਲਦਾ ਹੈ ਤਾਂ ਸਾਡਾ ਬੱਚਾ ਬੁਰੀ ਤਰ੍ਹਾਂ ਫੇਲ ਹੁੰਦਾ ਹੈ ਕਿਉਂਕਿ ਉਹ ਮਾਤ ਭਾਸ਼ਾ ਤੋਂ ਹਟਕੇ ਵਿਦੇਸ਼ੀ ਭਾਸ਼ਾ ਚੰਗੀ ਤਰ੍ਹਾਂ ਸਿੱਖ ਨਹੀਂ ਸਕਦਾ। ਇਨ੍ਹਾਂ ਸਕੂਲਾਂ ਵਿਚ ਦਾਖਲਾ ਬਹੁਤ ਹੀ ਮੁਸ਼ਕਿਲ ਨਾਲ ਮਿਲਦਾ ਹੈ। ਭਾਰੀਆਂ ਰਕਮਾਂ ਜਿਸਨੂੰ ਡੋਨੇਸ਼ਨ ਕਿਹਾ ਜਾਂਦਾ ਹੈ ਅਤੇ ਵੱਡੀਆਂ ਸਿਫਾਰਸ਼ਾਂ ਦੀ ਲੋੜ ਪੈਂਦੀ ਹੈ। ਇਥੇ ਹੀ ਬੱਸ ਨਹੀਂ ਫਿਰ ਫੀਸਾਂ ਵੀ ਜ਼ਿਆਦਾ ਹਨ ਜੋ ਕਿ ਆਮ ਵਿਅਕਤੀ ਦੀ ਪਹੁੰਚ ਤੋਂ ਬਾਹਰ ਹਨ। ਫਿਰ ਕਿਤਾਬਾਂ ਕਾਪੀਆਂ ਦੇ ਸੈਟ ਵੀ ਤੁਹਾਨੂੰ ਸਕੂਲੋਂ ਹੀ ਮਿਲਣਗੇ, ਟਾਈਆਂ ਬੈਲਟਾਂ ਅਤੇ ਸਕੂਲ ਦੀ ਡਰੈਸ ਵੀ ਵਿਸ਼ੇਸ਼ ਦੁਕਾਨ ਤੋਂ ਹੀ ਮਿਲੇਗੀ। ਬੱਚੇ ਨੂੰ ਲਿਜਾਣ ਵਾਸਤੇ ਬੱਸ ਦੀ ਫੀਸ ਵੱਖਰੀ ਦੇਣੀ ਪਵੇਗੀ।

ਦਾਖਲੇ ਦੇ ਝੰਜਟ ਤੋਂ ਬਾਅਦ ਬੱਚੇ ਦੀ ਪੜ੍ਹਾਈ ਦੀ ਗੱਲ ਕਰਦੇ ਹਾਂ। ਮਾਧਿਅਮ ਅੰਗਰੇਜ਼ੀ ਹੋਣ ਸਦਕਾ ਬੱਚੇ ਦੇ ਮਨ ਤੇ ਹਮੇਸ਼ਾ ਹੀ ਪੜ੍ਹਾਈ ਦਾ ਬੋਝ ਬਣਿਆ ਰਹਿੰਦਾ ਹੈ ਕਿਉਂਕਿ ਉਹ ਬਾਹਰਲੀ ਭਾਸ਼ਾ ਘੱਟ ਸਮੇਂ ਵਿਚ ਨਹੀਂ ਸਿੱਖ ਸਕਦਾ। ਨਤੀਜਾ ਕੀ ਹੁੰਦਾ ਹੈ ਕਿ ਬੱਚੇ ਨੂੰ ਚਾਲੂ ਕਰਨ ਲਈ ਸਾਨੂੰ ਆਪ ਮਿਹਨਤ ਕਰਵਾਉਣੀ ਪਵੇਗੀ ਜਾਂ ਫਿਰ ਟਿਊਸ਼ਨ ਦਾ ਸਹਾਰਾ ਲੈਣਾ ਪਵੇਗਾ।

ਜਿਥੋਂ ਤੱਕ ਆਪ ਮਿਹਨਤ ਦਾ ਵਿਚਾਰ ਹੈ ਉਹ ਅਸੀਂ ਕਰਵਾ ਨਹੀਂ ਸਕਦੇ ਕਿਉਂਕਿ ਅਸੀਂ ਆਪਣੇ ਬਿਜਨੈਸ ਵਿਚ ਏਨਾ ਰੁੱਝ ਚੁੱਕੇ ਹਾਂ ਕਿ ਸਾਨੂੰ ਰਤਾ ਵੀ ਵਿਹਲ ਨਹੀਂ ਹੈ ਕਿ ਅਸੀਂ ਬੱਚੇ ਦੀ ਪੜ੍ਹਾਈ ਵੱਲ ਧਿਆਨ ਦੇਈਏ, ਕਿਉਂਕਿ ਅਸੀਂ ਦਿਨ-ਰਾਤ ਆਪਣੇ ਕੰਮ ਅਤੇ ਲਾਭ ਵਿਚ ਭੱਜੇ ਫਿਰਦੇ ਹਾਂ। ਸਾਡੇ ਕੋਲ ਕਿੱਥੇ ਸਮਾਂ ਹੈ ਕਿ ਅਸੀਂ ਬੱਚੇ ਨੂੰ ਕੋਲ ਬਿਠਾ ਕੇ ਕੁੱਝ ਪੁੱਛ ਦੱਸ ਸਕੀਏ। ਘਰ ਦੀਆਂ ਔਰਤਾਂ ਨੂੰ ਕਿੱਟੀ ਪਾਰਟੀਆਂ ਤੋਂ ਵਿਹਲ ਨਹੀਂ ਮਿਲਦੀ, ਉਹ ਵੀ ਚਾਹੁੰਦੀਆਂ ਹਨ ਕਿ ਬੱਚਾ ਸਾਰਾ ਦਿਨ ਹੀ ਘਰੋਂ ਬਾਹਰ ਰਹੇ ਅਤੇ ਉਹ ਕਿੱਟੀ ਪਾਰਟੀਆਂ ਵਿਚ ਰੁੱਝੀਆਂ ਹੀ ਰਹਿਣ, ਬੱਚੇ ਦਾ ਕੀ ਹੈ, ਆਪੇ ਤੁਰਦਾ ਫਿਰਦਾ ਦੋ ਲਫ਼ਜ਼ ਸਿੱਖ ਜਾਵੇਗਾ।

ਬੱਚੇ ਨੂੰ ਸਕੂਲ ਵਿਚ ਹੀ ਟਿਊਸ਼ਨ ਗਰੁੱਪ ਵਿਚ ਰੱਖ ਲਿਆ ਜਾਂਦਾ ਹੈ, ਇਸਦੀ ਫੀਸ ਵੱਖਰੀ ਹੁੰਦੀ ਹੈ। ਬੱਚਾ ਬੜੀ ਹੀ ਸ਼ਾਨ ਨਾਲ ਬੱਸ ਵਿਚ ਸਵਾਰ ਹੋ ਕੇ ਸਕੂਲ ਜਾਂਦਾ ਹੈ। ਅਸੀਂ ਬੜੀ ਹੀ ਸ਼ਾਨ ਨਾਲ ਕਹਿੰਦੇ ਹਾਂ ਕਿ ਬੱਚਾ ਫਲਾਣੇ ਸਕੂਲ ਵਿਚ ਪੜ੍ਹਦਾ ਹੈ। ਜਦੋਂ ਨਤੀਜਾ ਆਉਂਦਾ ਹੈ ਤਾਂ ਬੱਚਾ ਕੁੱਝ ਵੀ ਨਹੀਂ ਸਿੱਖਿਆ ਹੁੰਦਾ, ਫਿਰ ਉਸ ਨੂੰ ਪੰਜਾਬੀ ਸਕੂਲ ਵਿਚ ਲਗਾਇਆ ਜਾਂਦਾ ਹੈ ਕਿਉਂਕਿ ਉਹ ਪੰਜਾਬੀ ਵੀ ਚੰਗੀ ਤਰ੍ਹਾਂ ਪੜ੍ਹ ਲਿਖ ਨਹੀਂ ਸਕਦਾ, ਉਹ ਪੜ੍ਹਾਈ ਵਿਚ ਪਛੜ ਜਾਂਦਾ ਹੈ। ਉਸਨੂੰ ਇਕ ਜਾਂ ਦੋ ਜਮਾਤਾਂ ਪਿਛਾਂਹ ਮੁੜਨਾ ਪੈਂਦਾ ਹੈ ਕਿਉਂਕਿ ਨਾ ਉਹ ਅੰਗਰੇਜ਼ੀ ਸਿੱਖਿਆ ਹੁੰਦਾ ਹੈ ਅਤੇ ਨਾ ਹੀ ਪੰਜਾਬੀ, ਉਹ ਪੜ੍ਹਾਈ ਨੂੰ ਨਾ ਸਮਝ ਆਉਣ ਵਾਲੀ ਸ਼ੈਅ ਸਮਝਦਾ ਹੈ ਅਤੇ ਅਕਸਰ ਸਕੂਲੋਂ ਗੈਰ ਹਾਜ਼ਰ ਪਾਇਆ ਜਾਂਦਾ ਹੈ।

ਸਰਕਾਰ ਨੂੰ ਚਾਹੀਦਾ ਹੈ ਕਿ ਕੁਝ ਕੁ ਸਕੂਲਾਂ ਨੂੰ ਗਰਾਂਟ ਦੇ ਕੇ ਮਨਜ਼ੂਰਸ਼ੁਦਾ ਕਰਾਰ ਦੇਵੇ, ਗਲੀਆਂ ਵਿਚ ਖੁੱਲੀਆਂ ਵਿੱਦਿਆ ਦੀਆਂ ਇਹ ਦੁਕਾਨਾਂ ਬੰਦ ਹੋਣੀਆਂ ਚਾਹੀਦੀਆਂ ਹਨ ਤਾਂ ਕਿ ਬੱਚਿਆਂ ਦੇ ਭਵਿੱਖ ਨਾਲ ਖਿਲਵਾੜ ਨਾ ਕੀਤਾ ਜਾਵੇ। ਮਾਪਿਆਂ ਦੀ ਆਰਥਿਕ ਲੁੱਟ ਖਸੁੱਟ ਨਾ ਹੋ ਸਕੇ। ਪੰਜਾਬੀ ਪੜ੍ਹਕੇ ਬੱਚਾ ਆਪਣੀ ਮਾਤ ਭਾਸ਼ਾ ਤੋਂ ਛੇਤੀ ਹੀ ਜਾਣੂ ਹੋ ਜਾਂਦਾ ਹੈ ਫਿਰ ਅਸੀਂ ਅੰਗਰੇਜ਼ੀ ਸਕੂਲਾਂ ਦਾ ਸਹਾਰਾ ਕਿਉਂ ਲਈਏ? ਆਸ ਕਰਦੇ ਹਾਂ ਕਿ ਸਰਕਾਰ ਇਸ ਸਮੱਸਿਆ ਨੂੰ ਸੰਜੀਦਗੀ ਨਾਲ ਵਿਚਾਰ ਕਰਕੇ ਕੋਈ ਠੋਸ ਹੱਲ ਲੱਭੇਗੀ ਤਾਂਕਿ ਬੱਚਿਆਂ ਦਾ ਭਵਿੱਖ ਉੱਜਲ ਬਣ ਸਕੇ।

**ਰਜਿੰਦਰ ਵਰਮਾ**

ਜੰਤਰੀਆਂ, ਕੈਲੰਡਰ,
ਡਾਇਰੀਆਂ
ਮੈਗਜ਼ੀਨ, ਪੁਸਤਕਾਂ
ਛਪਵਾਉਣ
ਅਤੇ
ਪੁਸਤਕਾਂ ਪ੍ਰਕਾਸ਼ਿਤ ਕਰਵਾਉਣ
ਲਈ ਸੰਪਰਕ ਕਰੋ:
ਮਹਿਕ ਵਤਨ ਦੀ
ਐਡਵੋਟਾਈਜ਼ਮੈਂਟ ਕੰਪਨੀ (ਰਜਿ:)
Help Line : 9988-92-9988
E-mail: mehakwattandi@rediffmail.com * www.mehakwatandilive.com

# ਇੱਕ ਵਾਰ ਫੁੱਲ ਪੈਕਿਜ ਲਵੋ ਅਤੇ ਤਿੰਨ ਸਾਲ ਲਈ ਸਾਡੀਆਂ ਸੇਵਾਵਾ ਪ੍ਰਾਪਤ ਕਰੋ!

International
ਦਿਲਚਸਪ ਅਤੇ ਗਿਆਨ ਭਰਪੂਰ ਸਮੱਗਰੀ ਲਈ
ਮਹਿਕ ਵਤਨ ਦੀ
'Mehak Watan Di Live' ● ਲਾਈਵ

* ਅਣ ਲਿਮਟਿਡ ਖਬਰਾਂ ਅਤੇ ਕਵਰੇਜ। * ਮਾਸਿਕ ਮੈਗਜੀਨ 'ਮਹਿਕ ਵਤਨ ਦੀ ਲਾਈਵ' (ਪ੍ਰੈਟ ਐਡੀਸ਼ਨ) ਦੇ ਹਰ ਅੰਕ ਵਿੱਚ ਰੰਗਦਾਰ ਇਸ਼ਤਿਹਾਰ। * ਰੋਜਾਨਾ ਆਨਲਾਈਨ ਅਖਬਾਰ 'ਮਹਿਕ ਵਤਨ ਦੀ ਲਾਈਵ' ਵਿੱਚ ਹਰ ਰੋਜ ਪੂਰੇ ਸਫੇ ਦਾ ਰੰਗਦਾਰ ਇਸ਼ਤਿਹਾਰ। * ਹਰ ਖਾਸ ਪ੍ਰੋਗਰਾਮ 'ਮਹਿਕ ਵਤਨ ਦੀ ਲਾਈਵ' ਵੈੱਬ ਟੀ.ਵੀ. ਤੇ ਟੈਲੀਕਾਸਟ। * 'ਮਹਿਕ ਵਤਨ ਦੀ ਲਾਈਵ' ਸੋਸਲ ਮੀਡੀਆਂ ਸੈੱਲ ਵੱਲੋਂ ਹਰ ਦਿਨ-ਤਿਉਹਾਰ ਅਤੇ ਖਾਸ ਦਿਨ੍ਹਾਂ ਦੀਆਂ ਵਧਾਈਆਂ ਅਤੇ ਸੰਦੇਸ਼ ਦੀਆਂ ਪੋਸਟਾ ਤੁਹਾਡੇ ਨਾਮ ਤੇ ਅਸੀਂ ਸ਼ੋਸਲ ਮੀਡੀਆਂ ਤੇ ਅਪਲੋਡ ਕਰਾਗੇ। * ਤੁਹਾਡੇ ਖਾਸ਼ ਪ੍ਰੋਗਰਾਮ ਅਤੇ ਖਾਸ ਈਵੈਂਟ ਤੇ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਿਤ ਕਰਾਗੇ।

ਫੁੱਲ ਪੈਕੇਜ ਲੈਣ ਅਤੇ ਹੋਰ ਜਾਣਕਾਰੀ ਲਈ ਮੇਰੇ ਨਾਲ ਸੰਪਰਕ ਕਰ ਸਕਦੇ ਹੋ।



ਮੁੱਖ ਸੰਪਾਦਕ/ ਡਾਇਰੈਕਟਰ: ਭਵਨਦੀਪ ਸਿੰਘ ਪੁਰਬਾ

ਮਾਸਿਕ ਮੈਗਜੀਨ * ਰੋਜਾਨਾ ਆਨਲਾਈਨ ਅਖਬਾਰ * ਵੈੱਬ ਟੀ.ਵੀ.

**www.mehakwatandilive.com**

**Help Line: 9988-92-9988**